ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

## ਜਬ ਆਵ ਕੀ ਅਉਧ ਨਿਦਾਨ ਬਨੈ
## ਅਤਿ ਹੀ ਰਨ ਮੈ ਤਬ ਜੂਝ ਮਰੋਂ

DEC. 98 ਦਸੰਬਰ ੯੮

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | |
|---|---|---|---|
| ੧.ਗੁਰ ਬਿਨੁ ਭੂਲੋ ਆਵੈ ਜਾਇ॥ | ੧. | ੭.ਨੌਜਵਾਨਾ ਵਿਚ ਧਰਮ-ਵਿਮੁਖਤਾ | ੧੮. |
| ੨.ਅਕਾਲ ਪੁਰਖ ਦਾ ਦਰਸ ਮਿਲਾਪ | ੪. | ੮.ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੈਰਾਗ, ਤਿਆਗ ਅਤੇ ਜੀਵਨ ਤੱਤ | ੨੩ |
| ੩.ਸ੍ਰੀ ਗੁਰੂ ਤੇਗ ਬਹਾਦਰ ਜੀ-ਇਕ ਦੈਵੀ ਤਸਵੀਰ | ੧੦. | ੯.ਖਾਲਸੇ ਦੀ ਆਹਾਰ ਪਵਿਤ੍ਰਤਾ | ੨੬. |
| ੪.ਗੁਰੂਮਾਰੀ ਸਰਹਿੰਦ | ੧੩. | ੧੦.ਗੁਰੂ ਤੇਗ ਬਹਾਦਰ ਅਤੇ ਮਨੁੱਖੀ ਆਜ਼ਾਦੀ | ੨੯. |
| ੫.ਕੀਨੋ ਬਡੋ ਕਲੂ ਮਹਿ ਸਾਕਾ | ੧੫ | ੧੧.ਕਰਮ ਫਿਲਾਸਫ਼ੀ | ੩੩ |
| ੬.ਗੁਰੂ ਘਰ ਦੇ ਵਜ਼ੀਰਾ ਦੀ ਯੋਗਤਾ (ਕਵਿਤਾ) | ੧੭ | | |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

ਸ਼ਹੀਦੀ ਵੱਡੇ ਸਾਹਿਬਜ਼ਾਦੇ (ਚਮਕੌਰ ਸਾਹਿਬ) ੨੨ ਦਸੰਬਰ

ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹਿੰਦ) ੨੭ ਦਸੰਬਰ

## ਸੂਰਾ ਪੱਤਰ ਦੇ ਚੰਦਿਆਂ ਵਿਚ ਵਾਧਾ

'ਸੂਰਾ ਮਾਸਿਕ ਪੱਤਰ ਪਿਛਲੇ ਕਾਫ਼ੀ ਸਮੇਂ ਤੋਂ ਗੁਰਮਤਿ ਪ੍ਰਚਾਰ ਨੂੰ ਮੁਖ ਰੱਖਦਿਆਂ ਲਾਗਤ ਕੀਮਤ ਤੋਂ ਕਾਫ਼ੀ ਘੱਟ ਭੇਟਾ ਤੇ ਸੰਗਤਾਂ ਨੂੰ ਭੇਜਿਆ ਜਾ ਰਿਹਾ ਹੈ। ਪਿਛਲੇ ਸਮੇਂ ਲਾਗਤਾਂ ਅਤੇ ਡਾਕ ਖਰਚ ਵੱਧ ਜਾਣ ਦੇ ਬਾਵਜੂਦ ਇਸ ਦਾ ਚੰਦਾ ਨਹੀਂ ਵਧਾਇਆ ਗਿਆ ਸੀ। ਹੁਣ ਮਾਇਕ ਔਕੜਾਂ ਨੂੰ ਮੁੱਖ ਰੱਖਦਿਆਂ ਮਜ਼ਬੂਰ ਹੋ ਕੇ ਸੂਰਾ ਪੱਤਰ ਦੇ ਚੰਦੇ ਵਧਾਉਣ ਦਾ ਫੈਸਲਾ ਲੈਣਾ ਪਿਆ ਹੈ। ਸੋ ਆਸ ਹੈ ਸਮੂਹ ਸੰਗਤਾਂ ਪਹਿਲਾਂ ਵਾਂਗ ਹੀ ਨਿੱਘਾ ਸਹਿਯੋਗ ਦੇ ਕੇ ਸੇਵਾਦਾਰਾਂ ਦਾ ਹੌਂਸਲਾ ਵਧਾਉਂਦੀਆਂ ਰਹਿਣਗੀਆਂ। ਸਾਰੇ ਸਰਕਲਾਂ ਦੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਉਹ ਹੇਠ ਲਿਖੇ ਨਵੇਂ ਚੰਦਿਆਂ ਅਨੁਸਾਰ ਹੀ ਨਵੇਂ ਪੱਤਰ ਬੁੱਕ ਕਰਨ।

### ਸੂਰਾ ਪੱਤਰ ਦੇ ਸੋਧੇ ਹੋਏ ਚੰਦੇ

| | ਦੇਸ | ਪ੍ਰਦੇਸ ਹਵਾਈ ਡਾਕ | ਪ੍ਰਦੇਸ ਸਮੁੰਦਰੀ ਡਾਕ |
|---|---|---|---|
| ਇਕ ਪਰਚਾ | 5ਰੁ: | | |
| ਸਾਲਾਨਾ | 40 ਰੁ: | 400 ਰੁ: | 140 ਰੁ: |
| ਅਮਾਨਤੀ ਲਾਈਫ਼ ਮੈਂਬਰ | 400ਰੁ: | 4000 ਰੁ: | 1400ਰੁ: |

ਚੈਕ/ ਡਰਾਫਟ ਆਦਿ ਸਿਰਫ਼ ਸੂਰਾ ਮੰਥਲੀ, ਲੁਧਿਆਣਾ ਦੇ ਨਾਂ ਹੀ ਕੱਟੇ ਜਾਣ। ਮਨੀਆਰਡਰ ਫਾਰਮਾਂ ਉਤੇ ਸੰਦੇਸ਼ ਵਾਲੀ ਥਾਂ ਆਪਣਾ ਪੂਰਾ ਪਤਾ ਅਤੇ ਮਾਇਆ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ।

ਹਰ ਤਰਾਂ ਦਾ ਚੰਦਾ ਜਾਂ ਹੋਰ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਭੇਜੋ ਜੀ :- ਸਬ-ਆਫ਼ਿਸ ਸੂਰਾ, ਗੁ: ਸ੍ਰੀ ਗੁਰੂ ਸਿੰਘ ਸਭਾ, ਨੇੜੇ ਡਾਕਖਾਨਾ ਮਾਡਲ ਟਾਊਨ ਲੁਧਿਆਣਾ।

ਜ਼ਰੂਰੀ ਨੋਟ :- ਦੇਸ ਵਿਦੇਸ ਦੇ ਅਮਾਨਤੀ ਲਾਈਫ਼ ਮੈਂਬਰਾਂ ਪ੍ਰਤੀ ਬੇਨਤੀ ਹੈ ਕਿ ਉਹ ਵਧੇ ਹੋਏ ਚੰਦਿਆਂ ਅਨੁਸਾਰ ਆਪਣੇ ਬਕਾਏ ਜਲਦੀ ਤੋਂ ਜਲਦੀ ਜਮਾਂ ਕਰਵਾਉਣ।

ਦਾਸਰਾ ਸੰਪਾਦਕ

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ:- ਮਾਇਆ ਸੂਰਾ ਦੇ ਸਬ-ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-੨ ਜਾਂ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ ਇੰਡੀਆ, ਡੀ-੯੩, ਬਲਾਕ ੧੯ ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੨
ਦਸੰਬਰ ੧੯੯੮
ਅੰਕ ੧੨

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੪੦.ਰੁ: ਵਿਦੇਸ਼ :ਸਮੁੰਦਰੀ ਡਾਕ......੧੪੦.ਰੁ: ਹਵਾਈ ਡਾਕ........੪੦੦ਰੁ:
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ ੪੦੦ ਰੁ: ਵਿਦੇਸ਼ :ਸਮੁੰਦਰੀ ਡਾਕ...੧੪੦੦ਰੁ: ਹਵਾਈ ਡਾਕ.....੪,੦੦੦ਰੁ:
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੫.੦੦)

Sura-Internet passward- WWW.SURA-INTERNATIONAL.COM.

## ਗੁਰ ਬਿਨੁ ਭੂਲੋ ਆਵੈ ਜਾਏ ॥

ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ॥
ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮੁ ਬਿਹੂਣੈ ਮਾਥੇ ਛਾਈ ॥੧॥
ਸਾਚੁ ਧਣੀ ਜਗੁ ਆਇ ਬਿਨਾਸਾ ॥ ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥੧॥ ਰਹਾਉ॥
ਜਗੁ ਮੋਹਿ ਬਾਧਾ ਬਹੁਤੀ ਆਸਾ ॥ ਗੁਰਮਤੀ ਇਕਿ ਭਏ ਉਦਾਸਾ ॥
ਅੰਤਰਿ ਨਾਮੁ ਕਮਲੁ ਪਰਗਾਸਾ ॥ ਤਿਨ ਕਉ ਨਾਹੀ ਜਮ ਕੀ ਤ੍ਰਾਸਾ॥੨॥
ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ ॥ ਪੁਤ੍ਰ ਕਲਤ੍ਰ ਲਗਿ ਨਾਮੁ ਵਿਸਾਰੀ ॥
ਬਿਰਥਾ ਜਨਮੁ ਗਵਾਇਆ ਬਾਜੀ ਹਾਰੀ ॥ ਸਤਿਗੁਰੁ ਸੇਵੇ ਕਰਣੀ ਸਾਰੀ ॥੩॥
ਬਾਹਰਹੁ ਹਉਮੈ ਕਹੈ ਕਹਾਏ ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥
ਮਾਇਆ ਮੋਹੁ ਗੁਰ ਸਬਦਿ ਜਲਾਏ ॥ ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥
ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥
ਗੁਰ ਬਿਨੁ ਭੂਲੋ ਆਵੈ ਜਾਏ ॥ ਨਦਰਿ ਕਰੇ ਸੰਜੋਗਿ ਮਿਲਾਏ ॥੫॥
ਰੂੜੋ ਕਹਉ ਨ ਕਹਿਆ ਜਾਈ ॥ ਅਕਥ ਕਥਉ ਨਹ ਕੀਮਤਿ ਪਾਈ॥
ਸਭ ਦੂਖ ਤੇਰੇ ਸੂਖ ਰਜਾਈ ॥ ਸਭਿ ਦੂਖੁ ਮੇਟੇ ਸਾਚੈ ਨਾਈ ॥੬॥
ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥ ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥
ਅੰਤਰਿ ਸਾਚੁ ਸਭੇ ਸੁਖ ਨਾਲਾ ॥ ਨਦਰਿ ਕਰੇ ਰਾਖੈ ਰਖਵਾਲਾ ॥੭॥
ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥
ਸਬਦੁ ਵੀਚਾਰੇ ਏਕ ਲਿਵਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥੮॥੨॥

(ਆਸਾ ਮ:੫, ਪੰਨਾ ੪੧੨)

ਵਿਆਖਿਆ- ਭਾਵੇਂ ਕੋਈ ਕਿਤਨੇ ਜਪ ਤਪ ਮਨ ਉਕਤ ਚਤੁਰਾਈ ਕਰ ਲਵੇ, ਪਰ ਉਸ ਨੂੰ ਸੁਮਾਰਗ ਸਿੱਧਾ ਰਾਹ ਪਰਮਾਰਥ ਦਾ ਨਹੀਂ ਮਿਲ ਸਕਦਾ, ਐਵੇਂ ਔਝੜ ਹੀ ਭਰਮਦਾ ਹੈ। ਸੱਚੇ ਸੁਮਾਰਗ (ਪਰਮਾਰਥ ਦੇ ਤੱਤ ਮਾਰਗ) ਦੇ ਬੂਝੇ ਬਿਨਾਂ ਅਤੇ ਬੁਝ ਕੇ ਉਸ ਮਾਰਗ ਉਤੇ ਚਲੇ ਬਿਨਾਂ ਕਿਸੇ ਦੀ ਘਾਲ ਥਾਉਂ ਨਹੀਂ ਪੈਂਦੀ। ਨਾਮ ਬਿਹੂਣੇ ਹੋਰਤ ਜਪ ਨੇਮ ਆਦਿਕ ਕਰਨ ਵਾਲੇ ਪ੍ਰਾਣੀ ਦੇ ਮੱਥੇ ਛਾਈ ਹੀ ਪੈਂਦੀ ਹੈ। ਕਖ ਪ੍ਰਾਪਤੀ



www.AKJ.Org

ਨਹੀਂ ਹੁੰਦੀ। ਮਾਥੇ ਛਾਈ ਪੈਣ ਵਾਲੇ ਕਰਮਾਂ ਦੇ ਕੀਤਿਆਂ ਆਵਾਗਉਣ ਦੇ ਗੇੜ ਵਿਚ ਹੀ ਪਈਦਾ ਹੈ।

ਗੁਰਮਤਿ ਨਾਮ ਦੇ ਸੱਚੇ ਕਰਮ ਕਰਨਹਾਰੇ ਅਭਿਆਸੀ ਜਨ ਆਵਾਗਉਣੀਏ ਗੇੜ ਵਾਲੇ ਕਰਮ ਕਦੇ ਨਹੀਂ ਕਮਾਉਂਦੇ। ਇਹ ਚੁਰਾਸੀ ਦੇ ਜੀਵਾਂ ਦਾ ਕੰਮ ਹੈ ਕਿ ਅਜਿਹੇ ਕਰਮਾਂ ਵਿਚਿ ਪਰਵਿਰਤ ਹੋਣ। ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਜਨ ਤਾਂ ਸੱਚ ਧਣੀ ਦੇ ਹੀ ਆਸ਼ਕ ਬਿਓਪਾਰੀ ਹਨ, ਜੋ ਸੱਚੇ ਨਾਮ ਦੀ ਕਮਾਈ ਕੀਤਿਆਂ ਹੀ ਮਿਲਦਾ ਹੈ।

ਜਗਤ ਰੂਪੀ ਦ੍ਰਿਸ਼ਟਮਾਨ ਪਸਾਰਾ ਸਭ ਤ੍ਰੈਗੁਣੀ ਮਾਇਆ ਦਾ ਪਸਾਰਾ ਹੀ ਹੈ, ਸਭ ਬਿਨਾਸਮਾਨ ਹੈ, ਕਦੇ ਥਿਰ ਨਹੀਂ ਰਹਿੰਦਾ। ਅਬਿਨਾਸ਼ੀ ਤਾਂ ਇਕੋ ਅਕਾਲ ਪੁਰਖ ਸਾਚ ਧਣੀ ਹੀ ਹੈ ਜੋ ਅਦ੍ਰਿਸ਼ਟ ਅਗੋਚਰ ਹੈ। ਸਭ ਦੁਨੀਆ ਦ੍ਰਿਸ਼ਟਮਾਨ ਪਿਛੇ ਹੀ ਦਉੜਦੀ ਹੈ ਅਤੇ ਝੂਠੇ ਬੰਧ ਵਿਚਿ ਹੀ ਫਸੀ ਰਹਿੰਦੀ ਹੈ। ਗੁਰਮੁਖਿ ਪ੍ਰਾਣੀ ਹੀ ਗੁਰੂ ਦੇ (ਸਿਖ ਸਚਿਆਰ) ਬਣ ਕੇ ਛੁਟਦੇ ਹਨ ਅਤੇ ਆਵਾਗਉਣ ਤੋਂ ਰਹਿਤ ਹੁੰਦੇ ਹਨ। ਗੁਰੂ ਦੀ ਕਿਰਪਾ ਨਾਲਿ ਛੁਟੇ ਹੀ ਰਹਿੰਦੇ ਹਨ। ਫਸਦੇ ਨਹੀਂ। ਸਾਰਾ ਸੰਸਾਰ ਮਾਇਆ ਮੋਹ ਬੰਧਨਾਂ ਦਾ ਬੱਧਿਆ ਹੋਇਆ ਹੈ ਅਤੇ ਤ੍ਰਿਸ਼ਨਾ ਬਾਧਾ ਆਸਾ ਬੰਧੁ ਬਨਿਆ ਹੋਇਆ ਬਹੁਤੀ ਮਾਯਾਵੀ ਆਸਾ ਤ੍ਰਿਸ਼ਨਾ ਵਿਚਿ ਹੀ ਖੱਚਤ ਰਹਿੰਦਾ ਹੈ। ਐਸੇ ਗੁਰਮੁਖਿ ਜਨ ਭੀ ਜਗ ਵਿਚਿ ਮਉਜੂਦ ਹਨ ਜੋ ਮਾਇਆ ਵਿਚਿ ਰਹਿੰਦੇ ਹੋਏ ਫੇਰ ਮਾਇਆ ਤੋਂ ਅਲੇਪ ਰਹਿੰਦੇ ਹਨ। ਇਹ ਉਪ੍ਰਾਮਤਾ ਮਈ ਨਿਰਲੇਪਤਾ ਤਾਂ ਗੁਰਮੁਖਾਂ ਨੂੰ ਗੁਰਮਤਿ ਨਾਮ ਦੀ ਅਤੁਟ ਅਭਿਆਸ ਕਮਾਈ ਕੀਤਿਆਂ ਪ੍ਰਾਪਤਿ ਹੁੰਦੀ ਹੈ। ਨਾਮ ਅਭਿਆਸ ਕਮਾਈਆਂ ਕਰਿ ਕਰਿ ਜਿਨ੍ਹਾਂ ਦੇ ਘਟਾਂ ਅੰਦਰਿ ਰਸ-ਜੋਤਿ ਰਤੰਨਾ ਨਾਮ ਪ੍ਰਜੁਲਤ ਹੋਇਆ ਹੋਵੇ ਅਤੇ ਹਿਰਦੇ ਦਾ ਉਰਧ ਮੁਖੀ ਨਾਭ ਕਮਲੁ ਸਿਧਾ ਹੋ ਕੇ ਪਰਗਾਸ ਹੋਇਆ ਹੋਵੇ ਤੇ ਜੋਤਿ-ਜਗੰਨਾ ਹੋ ਗਿਆ ਹੋਵੇ, ਬਸ ਤਿਨ੍ਹਾਂ ਨੂੰ ਮੋਹ ਮਮਤਾ ਮਈ ਮਾਇਆ ਨਹੀਂ ਪੋਹੰਦੀ। ਓਹ ਜਲ ਕੰਵਲ ਵਤ ਗ੍ਰਿਹਮਤ ਵਿਚਿ ਵਸਦੇ ਰਸਦੇ ਹੋਏ ਭੀ ਨਿਰਲੇਪ ਰਹਿੰਦੇ ਹਨ। ਅਜਿਹੇ ਨਾਮ ਰਿਦ-ਵਿਗਾਸੀ ਅਤੇ ਘਟਿ ਕੰਵਲ ਪ੍ਰਗਾਸੀ ਗੁਰਮੁਖ ਜਨਾਂ ਨੂੰ ਜਮ ਦੀ ਤ੍ਰਾਸ ਉਕੀ ਹੀ ਨਹੀਂ ਰਹਿੰਦੀ।

ਸਾਰਾ ਜਗਤ ਸੰਸਾਰ ਕਾਮ ਦਾ ਸ਼ਿਕਾਰ ਬਣਿਆ ਹੋਇਆ ਹੈ। ਪੁਰਸ਼ ਤਾਂ ਤ੍ਰਿਆ ਕਾਮਣੀਆਂ ਇਸਤ੍ਰੀਆਂ ਦੇ ਵਸਿ ਕੀਤੇ (ਜਿੱਤੇ ਹੋਏ) ਹਨ ਅਤੇ ਨਿਰੇ ਕਾਮਵੰਤੀਆਂ ਇਸਤ੍ਰੀਆਂ ਕਾਮੀ ਮਰਦਾਂ ਦੇ ਕਾਮ ਭਰੇ ਹਿਤ ਦੇ ਅਧੀਨ ਹੋਈਆਂ ਵੀਆਂ ਹਨ ਅਤੇ ਕਾਮਵੰਤੇ ਮਰਦਾਂ ਦੇ ਵਸਿ ਹੋ ਰਹੀਆਂ ਹਨ (ਜਿੱਤੀਆਂ ਹੋਈਆਂ ਹਨ)। ਤਿਨ੍ਹਾਂ ਨੇ ਪੁਤਰ ਧੀਆਂ ਅਤੇ ਕੁਟੰਬ ਦੇ ਹੇਤ ਵਿਚਿ ਖੱਚਤ ਹੋ ਕੇ ਨਾਮੁ ਨੂੰ ਉਕਾ ਹੀ ਵਿਸਾਰ ਛਡਿਆ ਹੈ। ਕੁਟੰਬ ਦੇ ਪੁਤਰ ਕਲਿਤ੍ਰੀ ਧੰਧਿਆਂ ਵਿਚਿ ਲਗ ਕੇ ਸੱਚੇ ਕੰਮ ਦੀ ਤਿਨ੍ਹਾਂ ਨੂੰ ਸੂਝ ਬੂਝ ਹੀ ਨਹੀਂ। ਤਿਨ੍ਹਾਂ ਕੁਟੰਬ ਧੰਧ ਕਰਮੀਆਂ ਨੇ ਸਾਰਾ ਜਨਮ ਬਿਰਥਾ ਹੀ ਗੰਵਾ ਲਿਆ ਹੈ ਅਤੇ ਮਨੁਖਾ ਜਨਮ ਦੀ ਬਾਜ਼ੀ ਹੀ ਹਾਰ ਦਿਤੀ। ਸਾਰ ਉਤਮ ਕਰਮ ਕਰਣੀ ਸਤਿਗੁਰੂ ਦੀ ਸੇਵਾ ਹੈ ਅਤੇ ਸਤਿਗੁਰੂ ਦੀ ਤੱਤ ਸਾਰ ਸੇਵਾ ਭਜਨ-ਭਗਤੀ ਹੈ।

ਤਾਂ ਤੇ ਸਤਿਗੁਰੂ ਦ੍ਰਿੜਾਈ ਭਜਨ-ਭਗਤੀ ਮਈ ਨਾਮ ਅਭਿਆਸ ਸਾਰ ਕਰਣੀ ਵਾਲਾ ਗੁਰਮੁਖ ਜਨ ਉਪਰੋਂ ਉਪਰੋਂ ਤਾਂ ਸਭ ਨਾਲਿ ਬਾਤ ਚੀਤ ਮਈ ਠਾਠਾ ਬਾਗਾ ਕਰਦਾ ਹੈ, ਲੋਕਾਂ ਨੂੰ ਐਉਂ ਪ੍ਰਤੀਤ ਹੁੰਦਾ ਹੈ ਕਿ ਹਉਮੈ ਅਪਣੱਤ ਵਾਲਾ ਦੁਨੀਦਾਰ ਹੈ, ਅੰਦਰਹੁ ਉਸ ਜੀਵਨ-ਮੁਕਤ ਗੁਰਮੁਖ ਜਨ ਨੂੰ ਏਹਨਾਂ ਠਾਠਾ ਬਾਗਚਾਰੀਆਂ ਗੱਲਾਂ ਦਾ ਲੇਪ ਕਦੇ ਲਗਦਾ ਹੀ ਨਹੀਂ, ਸਦਾ ਨਿਰਲੇਪ ਹੀ ਰਹਿੰਦਾ ਹੈ। ਮਾਇਆ ਮੋਹ ਦਾ ਲੇਪ ਉੱਕਾ ਹੀ ਨਹੀਂ ਲਗਦਾ। ਗੁਰ ਸਬਦਿ ਦੀ ਪਾਰਸ-ਸ਼ਕਤਿ ਕਮਾਈ ਦੁਆਰਾ ਮਾਇਆ ਮੋਹ ਨੂੰ ਸਾੜ ਸਿਟਦਾ ਹੈ। ਕਿਉਂਕਿ ਨਿਰਮਲ ਨਾਮ ਨੂੰ, ਅੰਮ੍ਰਿਤ ਨਾਮ ਨੂੰ, ਪਾਰਸ ਕਲਾ ਵਾਲੇ ਨਾਮ ਨੂੰ ਸਦਾ ਆਪਣੇ ਹਿਰਦੇ ਵਿਚਿ ਵਸਾਈ ਹੀ ਰਖਦਾ ਹੈ। ਅਤੇ ਹਿਰਦੇ ਕਰਕੇ ਸੁਆਸ ਅਭਿਆਸ ਸੇਤੀ ਸਦਾ ਅੰਤਰਗਤੀ ਜਪਦਾ ਹੀ ਰਹਿੰਦਾ ਹੈ। ਬੇਮਲੂਮ ਹੀ ਜਾਪਦਾ ਹੈ, ਕਿਸੇ ਨੂੰ ਮਲੂਮ ਨਹੀਂ ਹੁੰਦਾ। ਇਸ ਬਿਧਿ ਉਸ ਦੀ ਸੁਰਤੀ ਬਿਰਤੀ ਨਾਮ ਨਾਲਿ ਹੀ ਜੁਟੀ ਰਹਿੰਦੀ ਹੈ।



www.AKJ.Org

ਮਨ ਨੂੰ ਧਾਵਣ ਤੋਂ ਬਰਜੀ ਰਖਣ ਦਾ, ਠਾਕੀ ਰਖਣ ਦਾ, ਇਹੀ ਇਕੋ ਜ਼ਰੀਆ ਹੈ। ਐਸੇ ਗੁਰਸਿੱਖਾਂ ਦੀ ਸੰਗਤਿ ਵਾਹਿਗੁਰੂ ਦੀ ਨਦਰ-ਕਰੰਮੀ ਮੇਹਰ ਨਾਲਿ ਹੀ ਮਿਲਦੀ ਹੈ। ਨਹੀਂ ਤਾਂ ਅਜਿਹੀ ਸੰਗਤ ਤੋਂ ਵਾਂਜੇ ਆਨਮਤ ਕਰਮ ਕਾਂਡੀ ਗੁਰੂ ਬਿਨਾਂ ਸਾਰੀ ਉਮਰਿ ਭੂਲੇ ਹੀ ਫਿਰਦੇ ਰਹਿੰਦੇ ਹਨ ਅਤੇ ਮਰ ਕੇ ਚੁਰਾਸੀ ਦੇ ਗੇੜ ਵਿਚਿ, ਆਵਾ ਗਵਨਾਂ ਦੇ ਫੇਰ ਵਿਚ ਹੀ ਪਏ ਫਿਰਦੇ ਰਹਿੰਦੇ ਹਨ। ਖ਼ਾਸ ਨਦਰ ਮੇਹਰ ਵਾਹਿਗੁਰੂ ਦੀ ਹੋਵੇ ਤਾਂ ਸਤਿਗੁਰੂ ਦੇ ਸੰਜੋਗ ਮੇਲੇ ਦਾ ਢੋ ਜੁੜਦਾ ਹੈ।

ਵਾਹਿਗੁਰੂ ਨਾਲ ਮਿਲੇ ਹੋਏ ਮੇਲ-ਸੰਜੋਗੀਆਂ ਕੋਲੋਂ ਭੀ ਅਤਿ ਸੁੰਦਰ ਵਾਹਿਗੁਰੂ ਦੀ ਅਸਚਰਜ ਸੁੰਦਰਤਾ ਕਹੀ ਕਥਾ ਕਥੀ ਨਹੀਂ ਜਾਂਦੀ। ਅਕੱਥ ਵਾਹਿਗੁਰੂ ਦੀ ਅਤੇ ਉਸ ਦੇ ਸੁੰਦਰ ਸਰੂਪ ਦੀ ਗਤਿ ਮਿਤਿ ਕੀਮਤਿ ਜੇ ਕੋਈ ਕਥਨੀ ਚਾਹੇ ਤਾਂ ਕਥੀ ਨਹੀਂ ਜਾ ਸਕਦੀ। ਗੱਲਾਂ ਕਰਿ ਕਰਿ ਲੋਕੀ ਕਥਾਂ ਪਾਉਂਦੀ ਹੈ। ਕਥਾ ਨਹੀਂ ਕਰਦੀ। ਵਾਕਈ ਕਥਾ ਕਰਨੀ ਬੜੀ ਹੀ ਅਸੰਭਵ ਹੈ। ਅਕੱਥ ਦੀ ਕਥਾ ਕੀ ਕਹੁ ? ਖਸਮ ਦਾਤਾਰ ਦੇ ਦਿਤੇ ਹੋਏ ਦੁਖ ਭੀ ਉਸ ਦੀ ਰਜ਼ਾ ਸਤਿ ਕਰਿ ਮੰਨਣ ਵਾਲਿਆਂ ਲਈ ਸੁਖ ਰੂਪ ਹੀ ਹਨ। ਹੁਕਮ ਰਜ਼ਾਈ ਚਲਣਹਾਰੇ ਗੁਰਮੁਖਾਂ ਨੇ ਦੁਖ ਸੁਖ ਸਮ ਕਰ ਕੇ ਹੀ ਮੰਨਿਆ ਹੈ। ਸੱਚੇ ਨਾਮ ਦੀ ਕਰਮ ਕਮਾਈ ਦੀ ਕਿਰਪਾ ਨਾਲਿ ਦੁਖ ਕੋਈ ਰਹਿੰਦਾ ਹੀ ਨਹੀਂ, ਸਾਰੇ ਦੁਖ ਮਿਟ ਜਾਂਦੇ ਹਨ। ਜੇਕਰ ਨਾਮ ਰੰਗਾਂ ਵਿਚ ਲੀਨਤਾ ਹੋ ਜਾਏ ਤਾਂ ਸੱਚੀਂ ਮੁੱਚੀਂ ਸੁਖੀ ਹੋ ਜਾਈਦਾ ਹੈ, ਸੱਚੀ ਆਤਮ ਮੁਸੱਰਤੀ ਖ਼ੁਸ਼ੀ ਵਾਲੇ ਸੁਖ ਵਿਚਿ ਲੀਨ ਰਹੀਦਾ ਹੈ।

ਇਸ ਆਤਮ-ਰੰਗਾਂ ਵਾਲੀ ਅਵਸਥਾ ਅੰਦਰਿ ਅੰਦਰਲੇ ਬਿਸਮ ਰੰਗ ਕੀਰਤਨ ਅਖਾੜੇ ਖੁਲ੍ਹ ਜਾਂਦੇ ਹਨ ਅਤੇ ਅਸਚਰਜ ਕੀਰਤਨ ਧੁਨੀਆਂ ਦੀ ਮਸਤੀ ਵਿਚਿ ਅਨੰਦਤ ਹੋ ਜਾਈਦਾ ਹੈ। ਅਜਿਹੇ ਅਨਹਤ ਧੁਨੀ ਦੇ ਕੀਰਤਨ ਮਸਤਾਂ (ਮਤਵਾਲਿਆਂ) ਦੇ ਅੰਦਰਿ ਬਿਨਾਂ ਹੱਥਾਂ ਦੇ ਬਜਾਇਆ ਬਾਜਾ (ਕਰ ਬਿਨ ਬਾਜਾ) ਬਜਦਾ ਰਹਿੰਦਾ ਹੈ ਅਤੇ ਪੈਰਾਂ ਦੀ ਨਿਰਤ ਵਾਲੇ ਘੁੰਗਰੂ ਦੀ ਤਾਲ ਤੋਂ ਬਿਨਾਂ ਹੀ (ਪਗ ਬਿਨ ਤਾਲਾ) ਤਾਲ ਪੂਰੀਦਾ ਰਹਿੰਦਾ ਹੈ। ਇਹ ਹਾਲ ਮਸਤੀ ਵਾਲੀ ਸੱਚੀ ਨਿਹਾਲਤਾ ਉਹਨਾਂ ਨੂੰ ਪ੍ਰਾਪਤਿ ਹੁੰਦੀ ਹੈ ਜਿਨ੍ਹਾਂ ਨੇ ਉਪਰ ਲਿਖੇ ਅਨੁਸਾਰ ਸ਼ਬਦ ਕਮਾਈ ਦੀ ਸੱਚੀ ਬੂਝ ਬੂਝੀ ਹੈ ਅਤੇ ਸੱਚੀ ਨਾਮ ਅੰਮ੍ਰਿਤ ਕਲਾ ਦੀ ਸੁਧਾ ਸੰਜੀਵਨੀ ਸੱਚ ਅਮਲ-ਖੀਵਨੀ ਦਾਰੂ ਪੀਤੀ ਹੈ। ਜਿਸ ਦੇ ਅੰਦਰਿ ਸੱਚੀ ਅੰਮ੍ਰਿਤ ਨਾਮ ਖੁਮਾਰੀ ਦੀ ਮਸਤੀ ਚੜ੍ਹੀ ਹੋਈ ਹੈ, ਉਸ ਦੇ ਅੰਤਰਿ ਆਤਮੇ ਹੀ ਵਾਸਤਵ ਵਿਚਿ ਸੱਚਾ ਆਤਮ ਸੁਖ ਵਸਦਾ ਹੈ। ਇਕ ਆਤਮਾ ਸੁਖ ਕੀ, ਸਾਰੇ ਸੁਖ ਹੀ ਨਾਲਿ ਆ ਵਸਦੇ ਹਨ। ਅੰਤਰਜਾਮੀ ਵਾਹਿਗੁਰੂ ਨਦਰੀ ਨਦਰਿ ਨਿਹਾਲ ਹੋਵੇ ਤਾਂ ਉਹ ਆਪਣੇ ਆਤਮ-ਸੁਖੀ ਭਗਤਾਂ ਦੇ ਏਸ ਪਰਮ ਸੁਖ ਦੀ ਰਖਵਾਲੀ ਆਪਿ ਕਰਦਾ ਹੈ। ਏਸ ਸੁਖ ਤੋਂ ਉਨ੍ਹਾਂ ਨੂੰ ਕਦੇ ਸੁੰਵੇ ਨਹੀਂ ਹੋਣ ਦਿੰਦਾ । ਸਹਿਜ ਸੁਖ ਜੀਰਾਂਦਨੀ ਜੀਰਾਂਦੇ ਵਿਚਿ ਇਸ ਅਜਰ ਸੁਖ ਨੂੰ ਜਰਾਈ ਰਖਦਾ ਹੈ। ਅਮਰ ਸੁਖ ਨੂੰ ਅਮਰਾਈ ਰਖਦਾ ਹੈ।

ਇਸ ਅਜਰ ਅਮਰ ਸੁਖ ਦੀ ਜੀਰਾਂਦ ਵਾਲੀ ਸਹਿਜ ਆਤਮ ਅਵਸਥਾ ਅੰਦਰਿ ਹੀ ਆਪੇ ਦਾ ਅਭਾਵ ਹੁੰਦਾ ਹੈ ਅਤੇ ਤ੍ਰਿਭਵਣ ਦੀ ਸੋਝੀ ਵਾਲੀ ਤ੍ਰੈਕਾਲ ਦ੍ਰਿਸ਼ਟੀ ਭੀ ਏਥੇ ਆ ਕੇ ਹੀ ਖੁਲ੍ਹਦੀ ਹੈ। ਗੁਰਬਾਣੀ ਨਾਮ ਦੀ ਅੰਮ੍ਰਿਤ ਕਲਾ ਰੋਮ ਰੋਮ ਅੰਦਰਿ ਪ੍ਰਵੇਸ਼ ਹੋਣ ਕਰਿ ਹੀ ਏਸ ਤ੍ਰੈਕਾਲ-ਦਰਸਤਾ ਵਾਲੀ ਸੋਝੀ ਸੁਝਦੀ ਹੈ। ਹੋਰ ਆਨਮਤ ਹਠ ਯੋਗ ਕੀਤਿਆਂ ਨਹੀਂ ਸੁਝਦੀ। ਕੇਵਲ ਗੁਰਬਾਣੀ ਨਾਮ ਦੀ ਗੁਰਮਤਿ ਪਾਰਸ ਕਮਾਈ ਕਰ ਕੇ ਸੱਚੇ ਵਾਹਿਗੁਰੂ ਦੇ ਸਰੂਪ ਵਿਚਿ ਸਮਾਈ ਹੁੰਦੀ ਹੈ। ਇਹ ਏਕੈ ਲਿਵਤਾਰ ਵਾਲੀ ਸੱਚ ਸਮਾਈ ਗੁਰ-ਸ਼ਬਦ ਦੀ ਅਭਿਆਸ ਰੂਪੀ ਕਮਾਈ ਕਰਕੇ ਹੀ ਹੁੰਦੀ ਹੈ। ਐਸੇ ਕਮਾਈ ਵਾਲਿਆਂ ਨੂੰ ਸਾਜ ਕੇ ਸੰਵਾਰਨਹਾਰ ਵਾਹਿਗੁਰੂ ਧੰਨ ਹੈ ਅਤੇ ਅਜਿਹੇ ਗੁਰੂ ਸੰਵਾਰੇ ਸਿਖ ਭੀ ਧੰਨ ਹਨ ਜਿਨ੍ਹਾਂ ਨੇ ਅਜਿਹੀ ਗੁਰਮਤਿ-ਗੀਧੀ ਨਾਮ ਕਮਾਈ ਕੀਤੀ ਹੈ। ਏਥੇ ਆਨਮਤ ਕਰਮ ਫ਼ਿਲਾਸਫ਼ੀ ਦੀ ਕੀ ਸਮਾਈ ਹੈ? ਕੀ ਹੈਸੀਅਤ ਹੈ? ਆਨਮਤ ਕਰਮ ਕਰੰਮੀ ਕਰਮ ਫ਼ਿਲਾਸਫ਼ੀ ਦਾ ਗੁਰਮਤਿ ਫ਼ਿਲਾਸਫ਼ੀ ਨਾਲਿ ਟਾਕਰਾ ਕੀ ? ਮੁਕਾਬਲਾ ਹੀ ਕੀ ? ਸੱਚ ਪੁਛੋ ਤਾਂ ਗੁਰਮਤਿ ਕਰਮ ਵਿਲੱਖਣਤਾ ਨੂੰ ਫ਼ਿਲਾਸਫ਼ੀ ਦਾ ਪਦ (ਨਾਉਂ) ਦੇਣਾ ਹੀ ਅਨਉਚਿਤ ਹੈ।



www.AKJ.Org

# ਅਕਾਲ ਪੁਰਖ ਦਾ ਦਰਸ ਮਿਲਾਪ

"ਅਨਹਦੁ ਸਬਦੁ ਵਜੈ ਦਿਨੁ ਰਾਤੀ ॥ ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥"

(ਵਲੋਂ:- ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਤਿਨ੍ਹਾਂ ਨੂੰ ('ਅਵਿਗਤ ਕੀ ਗਤਿ' ਜਾਨਣਹਾਰਿਆਂ ਨੂੰ) ਤ੍ਰਿਭਵਣ ਸਾਰੇ ਵਿਖੇ ਹੀ ਜੋਤਿ ਸਬਾਇੜੀ ਪਰਦੀਪਤ ਹੋਈ ਦਿਸਦੀ ਹੈ। ਐਸੀ ਜੋਤਿ ਸਬਾਇੜੀ ਪਰਦੀਪਤ ਹੋਈ ਗੁਰਮੁਖ ਜਗਿਆਸੂ ਨੂੰ, ਪ੍ਰਭੂ ਘਟ ਘਟ ਅੰਦਰ ਰਵ ਰਹਿਆ ਨਜ਼ਰੀਂ ਆਉਣ ਲਗ ਪੈਂਦਾ ਹੈ। ਉਹ ਨਾਇਕ ਸੁਆਮੀ ਜੋ ਅਲੱਖ ਹੈ, ਹੋਰ ਕਿਤ ਬਿਨ ਭੀ ਲਖਿਆ ਨਹੀਂ ਜਾ ਸਕਦਾ, ਜੋ ਅਪਾਰ ਹੈ ਜਿਸ ਦਾ ਪਾਰਾਵਾਰ ਹੋਰ ਕਿਵੇਂ ਭੀ ਨਹੀਂ ਪਾਇਆ ਜਾ ਸਕਦਾ, ਸੋ ਘਟ ਘਟ ਅੰਦਰ ਜਗਨ-ਜੋਤੀ ਹੋ ਕੇ ਸਮਾਂ ਰਹਿਆ ਪਰਤੱਖ ਦਿਸ ਰਿਹਾ ਹੁੰਦਾ ਹੈ। ਨਾ ਕੇਵਲ ਆਪਣੇ ਘਟ ਅੰਦਰ ਹੀ, ਬਲਕਿ ਦੂਜਿਆਂ ਦੇ ਘਟਾਂ ਅੰਦਰ ਭੀ ਜੋਤਿ ਪਰਗਾਸਿਆ ਹੋਇਆ ਦ੍ਰਿਸ਼ਟ ਗੋਚਰ ਹੋਇ ਆਵੰਦਾ ਹੈ। ਇਹ ਅਲਖ ਅਪਾਰ ਸਿਰਜਣਹਾਰਾ ਅਪਰੰਪਰ ਸੁਆਮੀ ਪਰਮੇਸ਼ਰ ਸ਼ਬਦ-ਦੀਪਕੀ ਗੁਰਸਿਖਾਂ ਨੂੰ ਘਟ ਅੰਦਰ ਹੀ ਜੱਫੀਆਂ ਪਾਇ ਕੇ ਆਣ ਮਿਲਦਾ ਹੈ। ਪਰ ਮਿਲਦਾ ਤਦ ਹੈ ਜਦੋਂ ਨਾਮ-ਅਭਿਆਸ-ਕਮਾਈ ਏਤਨੀ ਪ੍ਰਬਲ ਦਸ਼ਾ ਵਿਚ ਅਰੂੜ੍ਹਤ ਹੋ ਜਾਂਦੀ ਹੈ ਕਿ ਨਿਜ ਦੇਹ-ਅਧਿਆਸ ਦੂਰ ਹੋ ਕੇ, ਆਪਾ ਉਕਾ ਹੀ ਮਾਰਿਆ-ਮਸਲਿਆ ਜਾਂਦਾ ਹੈ। ਬਸ, ਇਉਂ ਆਪਾ ਮਾਰਨ-ਹਾਰਿਆਂ ਸ਼ਬਦ-ਕਮਾਊਆਂ ਨੂੰ ਹੀ ਅੰਤਰ ਆਤਮੇ ਆ ਮਿਲਦਾ ਹੈ, ਸ਼ਬਦ ਕਮਾਈ ਦੁਆਰਾ। ਐਥੋਂ ਤਾਈਂ ਇਹ ਰੋਗ-ਹਉਮੀਆ-ਆਪਾ ਘਿਸ ਘਿਸ ਕੇ ਮਿਟ ਜਾਂਦਾ ਹੈ ਕਿ ਹਉਮੈ ਮਮਤਾ ਲੋਭ ਆਦਿ ਜਗਿਆਸੂ ਦੇ ਜਲ ਕੇ ਸੁਆਹ ਹੋ ਜਾਂਦੇ ਹਨ ਅਤੇ ਸਾਰੀ ਮੈਲ ਅੰਦਰੋਂ ਚੁਕੀ ਜਾਂਦੀ ਹੈ। ਇਹਨਾਂ ਉਪਰਲੀਆਂ ਕੁਵਸਤੂਆਂ ਦੇ ਥਾਉਂ ਫੇਰ ਘਟ ਅੰਦਰ ਵਾਹਿਗੁਰੂ ਅਤੇ ਵਾਹਿਗੁਰੂ ਦਾ ਦਰਸ਼ਨ ਹੀ ਉਰਧਾਰਿਆ ਰਹਿੰਦਾ ਹੈ। ਇਉਂ ਸ਼ਬਦ ਗੁਰ ਦੀ ਕਮਾਈ ਰੂਪੀ ਭਾਣੇ ਅੰਦਰ ਚਲਿਆਂ ਤਾਰਣਹਾਰਾ ਨਦਰਾਲੂ-ਪੁਰਖ-ਅਕਾਲ ਤੁੱਠ ਕੇ ਆਪ ਹੀ ਆਪਣੇ ਭਾਣੇ ਅੰਦਰ ਆਏ ਪਿਆਰਿਆਂ ਨੂੰ ਤਾਰ ਲੈਂਦਾ ਹੈ। ਫਿਰ ਜੋਤੀਸ਼ ਵਾਹਿਗੁਰੂ ਨੂੰ ਧਾਰਨ ਧਾਰ ਕੇ ਹੀ, ਅੰਮ੍ਰਿਤ ਨਾਮ ਚਖ ਕੇ ਤ੍ਰਿਪਤ ਹੋਈ ਨਾਇਕਾ ਨੂੰ ਦਰ ਜਾਇ ਕੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋ ਜਾਂਦਾ ਹੈ। ਇਸ ਸੁਹਾਗ ਭਰੀ ਬਿਵਸਥਾ ਨੂੰ ਸਦਾ ਮਾਨਣ ਲਈ ਬਿਨੈ ਅਲਾਉਣਾ ਇਕ ਸਹਿਜ ਸੁਭਾਵੀ ਕਰਤੱਵ ਹੋਇ ਰਹਿੰਦਾ ਹੈ। ਯਥਾ ਗੁਰਵਾਕ—

ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ॥ ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ॥
ਅਲਖ ਅਪਾਰ ਅਪਾਰੁ ਸਾਚਾ, ਆਪੁ ਮਾਰਿ ਮਿਲਾਈਐ॥
ਹਉਮੈ ਮਮਤਾ ਲੋਭੁ ਜਾਲਹੁ, ਸਬਦਿ ਮੈਲੁ ਚੁਕਾਈਐ॥
ਦਰਿ ਜਾਇ ਦਰਸਨੁ ਕਰੀ ਭਾਣੈ, ਤਾਰਿ ਤਾਰਣਹਾਰਿਆ॥
ਹਰਿਨਾਮੁ ਅੰਮ੍ਰਿਤੁ ਚਾਖਿ ਤ੍ਰਿਪਤੀ, ਨਾਨਕਾ ਉਰਧਾਰਿਆ॥੪॥੧॥ (ਬਿਲਾਵਲ ਮ:੧ ਛੰਤ, ਪੰ:੮੪੩)

ਨਿਰੰਜਨ ਵਾਹਿਗੁਰੂ ਨੂੰ ਮਿਲਾਵਣ ਲਈ ਨਾਮ ਨਿਰੰਜਨ ਹੀ ਸਮਰੱਥ ਹੈ। ਸੋ ਐਸਾ ਨਾਮ ਨਿਰੰਜਨ, ਗੁਰਮਤਿ ਨਾਮ ਗੁਰਮੰਤ ਹੀ ਹੈ, ਜਿਸਦੇ ਪਾਰਸ-ਸ਼ਕਤੀਸ਼ਰੀ- ਅਭਿਆਸ ਅੰਦਰ ਐਸੀ ਪਾਰਸ-ਕਲਾ ਹੈ ਕਿ ਇਹ ਅਭਿਆਸ ਕਰਨਹਾਰੇ ਨੂੰ ਪਾਵਨ ਪਵ੍ਰਿਤ ਪਤਿਤੋਂ ਪੁਨੀਤ ਕਰ ਦਿੰਦਾ ਹੈ। ਅਤੇ ਸਰਬ ਅਗਿਆਨ ਭਰਮ ਅੰਧੇਰੇ ਹਰਿ ਦਿੰਦਾ ਹੈ। ਤਿਮਰ ਅਗਿਆਨ ਦਾ ਨਾਸ ਕਰ ਕੇ ਸਚੇ ਗੁਰਮਤਿ ਗਿਆਨ ਦਾ ਪਰਕਾਸ਼ ਕਰ ਦਿੰਦਾ ਹੈ, ਅਤੇ ਗੁਰਮਤਿ ਗਿਆਨ ਦਾ ਅੰਜਨ ਨੇਤ੍ਰਾਂ ਵਿਖੇ ਪਰਵੇਸ਼ ਕਰ ਕੇ ਨੈਨਾਂ ਨੇਤਰਾਂ ਨੂੰ ਦਿੱਬ-ਦ੍ਰਿਸ਼ਟੇ ਬਣਾ ਕੇ ਵਾਹਿਗੁਰੂ ਨਿਰੰਜਨ ਦਾ ਪਰਤੱਖ ਦਰਸ਼ਨ ਕਰਾਇ ਦਿੰਦਾ ਹੈ। ਐਸਾ ਪਰਤੱਖ, ਕਿ ਜਲ ਥਲ ਮਹੀਅਲ ਵਿਖੇ ਪਰੀਪੂਰਨ ਨਿਰੰਜਨ ਨਿਰੰਕਾਰ ਦਾ ਹੀ ਝਲਕਾ ਵਜਦਾ ਹੈ। ਐਸਾ ਗਿਆਨ ਨਿਰੰਜਨ ਪਰਗੰਟਜਨੀ-ਨਾਮ ਨਿਮਖ ਮਾਤ੍ਰ ਭੀ ਜਿਸਦੇ ਹਿਰਦੇ ਵਿਚ ਵਸਿਆ ਹੈ, ਤਿਸ ਦੇ ਸਭ ਕਿਲਵਿਖ ਵਸੂਰੇ ਮਿਟ ਜਾਂਦੇ



www.AKJ.Org

ਹਨ। ਐਸਾ ਪਾਵਨ ਪਤਿਤ ਪੁਨੀਤ ਹੈ ਗੁਰਮਤਿ ਨਾਮ ਨਿਰੰਜਨ, ਕਿ ਸਰਬਦਾ ਭਉ-ਭੰਜਨ ਅਗਾਧ ਬੋਧ ਸਮਰੱਥ ਸੁਆਮੀ, ਅਲਖ ਨਿਰੰਜਨ ਵਾਹਿਗੁਰੂ, ਸਨਮੁਖ ਦ੍ਰਿਸ਼ਟੀ ਗੋਚਰ ਦਰਸ਼ਨ ਦੇ ਰਹਿਆ ਇਉਂ ਜ਼ਾਹਰ ਜ਼ਹੂਰ ਤੇ, ਹਾਜ਼ਰਾ ਹਜ਼ੂਰ ਵਿਗਸਦਾ ਵਿਗਸਾਉਂਦਾ, ਝਲਕਾਰੇ ਦਿੰਦਾ ਦਿਸ ਆਉਂਦਾ ਹੈ ਕਿ ਉਸ ਦੇ ਦਿਬਯ ਜੋਤੀ ਚਰਨ-ਕਮਲਾਂ ਦੇ ਨਾਲ ਲਪਟ ਲਪਟਾਇ ਕੇ, ਚੋਜ-ਬਿਨੋਦੀ ਕੇਲ ਕਰਨਾ, ਭਗਤ ਜਨਾਂ ਗੁਰਮੁਖਾਂ ਦੀ ਇਕ ਸੁਭਾਇਮਾਨ ਅਨੂਠੀ ਚਰਨ-ਜਪਨੀ ਪਗ ਪਇਅੰਪਨੀ ਖੇਡ ਹੋ ਜਾਂਦੀ ਹੈ। ਗੁਰੂ ਨਾਨਕ ਸਾਹਿਬ ਐਸੇ ਗੁਰਮੁਖ ਜਨਾਂ ਦੇ ਚਰਨ ਜੰਪਨ, ਪਗ ਪਇਅੰਪਨ ਦੀ ਜਾਚਨਾ ਸਿਖਾਉਂਦੇ ਹਨ, ਜਿੰਨਾਂ ਨੇ ਇਸ ਬਿਧ ਅਲਖ ਨਿਰੰਜਨ ਨੂੰ ਗੁਪਤੋਂ ਪਰਗਟ ਕਰ ਦਿਖਾਇਆ ਹੈ ਤੇ ਪਰਤੱਖ ਲਖਣੀ ਲਖਾਇਆ ਹੈ ਅਤੇ ਅਗਾਧ ਬੋਧ ਵਾਹਿਗੁਰੂ ਨੂੰ ਸਹਿਜ ਸੰਬੋਧਨ ਨਿਰਮਲ ਦਿਬ-ਦੀਦਨੀ-ਦ੍ਰਿਸ਼ਟੀ ਅੰਦਰ ਸਮਾਇਆ ਹੈ।

ਯਥਾ ਗੁਰਵਾਕ—

ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ, ਜਲਿ ਥਲਿ ਮਹੀਅਲਿ ਪੂਰਿਆ॥
ਇਕ ਨਿਮਖ ਜਾ ਕੈ ਰਿਦੈ ਵਸਿਆ, ਮਿਟੇ ਤਿਸਹਿ ਵਿਸੂਰਿਆ॥
ਅਗਾਧਿ ਬੋਧਿ ਸਮਰਥ ਸੁਆਮੀ, ਸਰਬ ਕਾ ਭਉ ਭੰਜਨਾ॥
ਨਾਨਕ ਪਇਅੰਪੈ ਚਰਨ ਜੰਪੈ, ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥

(ਆਸਾ ਮ:੧, ਛੰਤ, ਪੰ:੪੫੬)

ਸਚਮੁਚ ਨਾਮ ਜਪਣ ਕਰਿ, ਨਾਮ ਰਿਦੇ ਅਰਾਧਨ (ਬਿਚਾਰਨ) ਕਰਿ, ਪ੍ਰਭੂ ਪ੍ਰਮਾਤਮਾ ਦੀ ਐਸੀ ਪਾਰਸ-ਕਟਾਖਸ਼ੀ ਕਿਰਪਾ ਹੋਇ ਆਂਵਦੀ ਹੈ ਕਿ ਅਗਾਧ ਬੋਧ ਅਗਮ ਅਪਾਰ ਵਾਹਿਗੁਰੂ ਨਿਰੰਕਾਰ ਆਪਣੀ ਅਕਾਲ ਮੂਰਤੀ ਵਾਲੀ ਦਿੱਬਤਾ-ਮਈ ਅਕਾਰ ਦਰਸ਼ਨਤਾ ਦੇ ਸਰੂਪ ਵਿਚ ਹਿਰਦੇ ਅੰਦਰ ਹੀ ਉਤਰ ਆਉਂਦਾ ਹੈ।

"ਅਗਾਧਿ ਬੋਧਿ ਹਰਿ ਅਗਮ ਅਪਾਰੇ॥ ਨਾਮੁ ਜਪਤ ਨਾਮੁ ਰਿਦੇ ਬੀਚਾਰੇ॥
ਨਾਨਕ ਕਉ ਪ੍ਰਭ ਕਿਰਪਾ ਧਾਰੇ॥੪॥ (ਗਉੜੀ ਮ: ੫, ਪੰ:੨੦੨)

ਕਿਰਪਾ ਧਾਰ ਆਉਂਦਾ ਹੈ, ਪਰਤੱਖ ਰੂਪ ਵਿਚ ਜੈਸਾ ਕਿ—

ਅਵਿਗਤ ਨਾਥੁ ਅਗੋਚਰ ਸੁਆਮੀ॥ ਪੂਰਿ ਰਹਿਆ ਘਟਿ ਅੰਤਰਜਾਮੀ॥
ਜਤ ਕਤ ਦੇਖਉ ਤੇਰਾ ਵਾਸਾ॥ ਨਾਨਕ ਕਉ ਗੁਰ ਕੀਓ ਪ੍ਰਗਾਸਾ॥

(ਭੈਰਉ ਮ: ੫, ਪੰਨਾ :੧੧੫੬-੫੭)

ਸਭਨਾਂ ਨੂੰ ਇਕ ਜੋਤ ਤਾਰ-ਪਰੋਤੇ ਨਥਣਹਾਰਾ ਨਾਥ ਅਵਿਗਤ ਅਗੋਚਰ ਸੁਆਮੀ ਘਟ ਅੰਤਰ ਹੀ ਪਰੀਪੂਰਨਤਾ ਸਹਿਤ ਆਇ ਸਮਾਉਂਦਾ ਹੈ। ਭਗਤ ਜਨਾਂ ਦੀ ਪ੍ਰੀਤ-ਪਰਤੀਤ ਦਾ ਲਖਤਾ ਹੋਣ ਕਰ ਉਹ ਐਸਾ ਅੰਤਰਜਾਮੀ ਹੈ ਕਿ ਅੰਤਰ ਦੀ ਗਤਿ ਬੁਝ ਕੇ ਆਸਾਂ ਪੂਰਦਾ ਹੈ। ਸਤਿਗੁਰੂ ਨਾਨਕ ਦੇ ਘਰ ਦੇ ਗੁਰਮੁਖ ਭਗਤ ਜਨਾਂ ਨੂੰ ਰਿਦੰਤਰੀ ਐਸਾ ਪਰਗਾਸ ਜੋਤਿ ਨਿਰੰਤਰੀ ਹੋਇ ਆਉਂਦਾ ਹੈ ਕਿ ਉਹ ਅੰਤਰ ਪਰਗਾਸ ਦਾ ਅਨੰਦ ਮਾਣਦੇ ਹੋਇਂ ਸਨਮੁਖ ਸ੍ਰਿਸ਼ਟੇ ਹੋਏ ਹੋਏ ਏਵੇਂ ਅਲਾਉਂਦੇ ਹਨ : ਆਹਾ ਮੇਰੇ ਪਰਕਾਸ਼ ਰੂਪ, ਅਨੂਪ ਸਰੂਪ ਵਾਹਿਗੁਰੂ । ਜਿਥੇ ਕਿਥੇ ਭੀ ਅਸੀਂ ਦੇਖਦੇ ਹਾਂ, ਤੇਰਾ ਹੀ ਵਾਸਾ, ਸਰੂਪ ਪਰਗਾਸਾ ਵੇਖਦੇ ਹਾਂ। ਇਹ ਜਤ-ਕਤ-ਵਾਸ-ਲਖਨੀ, ਪਰਗਾਸ-ਪੇਖਨੀ ਭਗਤ ਜਨਾਂ ਗੁਰਮੁਖਾਂ ਦੀ ਯਥਾਰਥ-ਲਖਨੀ ਸਾਖ ਹੈ, ਐਵੇਂ ਕਥਨੀ ਬਦਨੀ ਵਾਲੀ ਬੁਝਾਰਤ ਨਹੀਂ ਹੁੰਦੀ । ਐਵੇਂ ਚੁੰਚ-ਕਥਨੀ ਕਰਕੇ ਤਾਂ ਸਾਰਾ ਜੱਗ ਹੀ ਰਾਮ ਰਾਮ ਕਰਦਾ ਫਿਰਦਾ ਹੈ। ਇਉਂ ਚੁੰਚ-ਬਿਧਨੀ-ਕਥਨੀ ਕਰਿ ਰਾਮ ਨਹੀਂ ਪਾਇਆ ਜਾਦਾ। ਉਹ ਅਗੰਮ ਹੈ, ਅਗੋਚਰ ਹੈ ਅਤੇ ਅਤਿ ਵਡਾ ਹੈ ਅਤੇ ਐਸਾ ਅਤੁੱਲ ਹੈ ਕਿ ਤੋਲਿਆ ਭੀ ਨਹੀਂ ਜਾ ਸਕਦਾ। ਨਾ ਉਸ ਦੀ ਕੀਮਤ ਕਿਸੇ ਤੋਂ ਪਾਈ ਜਾਂਦੀ ਹੈ। ਨਾ ਉਹ ਕਿਸੇ ਭੀ ਉਪਾਇ ਕਰਕੇ ਲਇਆ ਪ੍ਰਗਟਾਇਆ


www.AKJ.Org

ਜਾ ਸਕਦਾ ਹੈ। ਹਾਂ, ਕੇਵਲ ਗੁਰੂ ਦੇ ਸ਼ਬਦ (ਗੁਰਮੰਤ੍ਰ) ਦੁਆਰਾ ਹੀ ਲਇਆ ਪ੍ਰਗਟਾਇਆ ਜਾ ਸਕਦਾ ਹੈ। ਗੁਰੂ ਵਾਹਿਗੁਰੂ ਸ਼ਬਦ ਅਭਿਆਸ ਦੀ ਪਾਰਸ-ਪਾਰਜਾਤੀ ਅਮਿਉ-ਰਸਾਇਣੀ ਕਲਾ ਅਜਿਹੀ ਵਰਤਦੀ ਹੈ ਕਿ ਗੁਰੂ ਸ਼ਬਦ ਭੇਟਣ ਕਰਿ, ਉਹ ਅਭੇਦ ਰੂਪ ਹੋ ਕੇ ਮਨ ਅੰਦਰ ਹੀ ਆ ਵਸਦਾ ਹੈ। ਨਹੀਂ ਤਾਂ ਉਸ ਦੀ ਮਿਉਮਰੰਮੀ-ਮਿਤ-ਮਰਜਾਦਾ ਕਿਸੇ ਤੋਂ ਨਹੀਂ ਪਾਈ ਜਾ ਸਕਦੀ। ਕੇਵਲ ਗੁਰੂ ਦੀ ਕਿਰਪਾ ਦੁਆਰਾ ਹੀ ਅੰਤਰ ਬਾਹਰ ਸਮਾਇ ਰਹਿਆ ਦਿਸ ਆਂਵਦਾ ਹੈ ਅਤੇ ਅੰਤਰ ਆਤਮੇ ਜੋਤਿ ਝਿਲਮਲੀ ਜੱਫੀਆਂ ਪਾ ਕੇ ਐਸਾ ਆ ਮਿਲਦਾ ਹੈ, ਕਿ ਫੇਰ ਸਦਾ ਮਿਲਿਆ ਹੀ ਰਹਿੰਦਾ ਹੈ। ਯਥਾ ਗੁਰਵਾਕ—

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ, ਰਾਮੁ ਨ ਪਾਇਆ ਜਾਇ॥
ਅਗਮੁ ਅਗੋਚਰੁ ਅਤਿ ਵਡਾ, ਅਤੁਲੁ ਨ ਤੁਲਿਆ ਜਾਇ॥
ਕੀਮਤਿ ਕਿਨੈ ਨ ਪਾਈਆ, ਕਿਤੈ ਨ ਲਇਆ ਜਾਇ॥
ਗੁਰ ਕੈ ਸਬਦਿ ਭੇਦਿਆ, ਇਨ ਬਿਧਿ ਵਸਿਆ ਮਨਿ ਆਇ॥
ਨਾਨਕ ਆਪਿ ਅਮੇਉ ਹੈ, ਗੁਰ ਕਿਰਪਾ ਤੇ ਰਹਿਆ ਸਮਾਇ॥
ਆਪੇ ਆਪਿ ਮਿਲਿ ਰਹਿਆ, ਆਪੇ ਮਿਲਿਆ ਆਇ॥

(ਵਾਰ ਬਿਹਾਗੜਾ, ਸਲੋਕ ਮ:੩, ਪੰ: ੫੫੫)

ਇਹ ਬਿਸਮਾਦ-ਜਨਕ ਸਚਿਆਰੀ ਹੈ ਅਤੇ ਕੈਸੀ ਅਸਚਰਜ ਸਚਾਈ ਹੈ। ਜਿਸ ਠਾਕੁਰ ਪਾਰਮਾਤਮ ਪਰਮੇਸ਼ਰ ਨੂੰ ਅਗਾਧ ਬੋਧ ਸੁਣੀਦਾ ਹੈ ਤਿਸ ਅਗਾਧ ਬੋਧ ਨਿਰੰਕਾਰ ਨੂੰ ਸਤਿਗੁਰੂ ਨੇ ਸਿਖਾਂ ਦੇ ਰਿਦੇ ਅੰਦਰ ਪ੍ਰਗਟਾਇ ਦਿੱਤਾ।

ਦੇਖਹੁ ਅਚਰਜੁ ਭਇਆ॥ ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ, ਸੋ ਰਿਦੈ ਗੁਰਿ ਦਇਆ॥

(ਸੋਰਿਠ ਮ:੫, ਪੰ:੬੧੨)

ਦੇਖੋ 'ਦਇਆ' ਦੀ ਏਥੇ ਕੈਸੀ ਫ਼ੋਰਸ (ਜ਼ੋਰ) ਹੈ, ਰਿਦੇ ਦੀਆ ਕਿਆ ? ਰਿਦੇ ਅੰਦਰ ਹੀ ਬਸਾਇ ਬਸਾਇ ਦੀਆ ਗੁਰੂ ਨੇ।

ਸ਼ਬਦ-ਮਾਰਗੀਆਂ ਗੁਰਮਖਾਂ ਦੀ ਅਹਿਨਿਸੀ ਅਭਿਆਸ ਪੂਜਾ ਹੀ ਅਣ-ਦ੍ਰਿਸ਼ਟੇ ਪਰਮਾਤਮਾ ਦੇਵ ਦੀ ਹੈ, ਸ਼ਬਦ-ਸੁਰਤ-ਅਭਿਆਸ ਕਰਦੇ ਕਰਦੇ ਰਸ-ਅਮੀ ਸੁਆਦ ਉਦੋਤ ਆ ਹੁੰਦਾ ਹੈ। ਇਹ ਰਸ-ਅਮੀ ਦੇ ਸੁਆਦ ਪ੍ਰਾਇਣ ਹੋਇ ਸੁਆਸਾਂ ਨੂੰ ਰੋਕ ਕੇ ਗੁਰਮਤਿ ਅਭਿਆਸੀ ਜਨ ਹੰਸਲੇ, ਨਾਭੀ ਅੰਦਰ ਸੁਰਤ-ਚੁਭਾ ਲਾਇ ਬਹਿੰਦੇ ਹਨ। ਇਸ ਰਸ-ਰਸਨ-ਬਿਰਤੀ-ਚੁੱਭੇ ਦੁਆਰਾ ਆਪ ਦੀ ਸੁਰਤ ਨੂੰ ਉਭਾਰ ਪਸਾਰ ਕੇ ਅਤਿ ਗਹਿਰ ਗੰਭੀਰ ਸਾਗਰ-ਰਤਨਾਗਰੀ ਠਾਕਰ ਨੂੰ ਜਾਇ ਢੂੰਡਦੇ ਹਨ। ਇਸ ਬਿਧ ਨਭ-ਨਾਭੀ ਪੁਲਾੜ ਅੰਦਰ ਹੀ ਅਨੂਪਮ ਠਾਕੁਰ ਪੂਜਾ ਏਕੰਕਾਰੀ ਹੋਣ ਲਗ ਪੈਂਦੀ ਹੈ। ਇਸ ਸ਼ਬਦ-ਬੀਚਾਰੀ-ਅਭਿਆਸ-ਪੂਜਾ ਦੇ ਪ੍ਰਭਾਵ ਕਰਿ, ਇਕੋ ਭਰਮ-ਭਉ-ਭੰਜਨ-ਪੁਰਖ ਤਿਨ੍ਹਾਂ ਦੇ ਗਿਆਨ ਦ੍ਰਿਸ਼ਟੇ ਲੋਇਣਾਂ ਸਾਹਮਣੇ, ਏਕਸ ਬਿਨਾਂ ਹੋਰ ਦੂਜਾ ਨਜ਼ਰੀਂ ਹੀ ਨਹੀਂ ਆਉਂਦਾ। ਤਾਂਤੇ ਏਕ ਬਿਨਾਂ ਦੂਜੇ ਦੀ ਪੂਜਾ ਦਾ ਏਥੇ ਥਾਉਂ ਹੀ ਨਹੀਂ।

ਇਹ ਸਚੜਾ ਸ਼ਬਦ-ਸੁਰਤੀਆਂ ਦਾ ਗੁਰਮਤਿ ਮਾਰਗ ਹੀ ਮਨੂਆ ਮਾਰਨ ਦਾ ਸਚੜਾ ਸਬੀਲਾ ਹੈ, ਇਉ ਮਨੂਆ ਮਾਰ ਕੇ ਹੀ ਨਿਰਮਲ ਪਦ ਚੀਨਿਆ ਜਾਂਦਾ ਹੈ, ਨਿਰਮਲ ਪਦ ਚੀਨ ਕੇ ਅਧਿਕ ਤੋਂ ਅਧਿਕ ਹਰਿ-ਰਸ-ਰੰਗ ਮਾਣੀਦਾ ਹੈ। ਇਸ ਬਿਧ ਹਰਿ-ਰਸ-ਰਤੇ ਅਧਿਕ ਰੰਗਾਂ ਵਾਲੇ ਗੁਰਮੁਖ ਅਭਿਆਸੀ ਜਨ, ਏਕਸ ਦੇ ਅਨਿੰਨ ਪੁਜਾਰੀ ਹੀ ਬਣ ਰਹਿੰਦੇ ਹਨ। ਗੁਰ ਪ੍ਰਸਾਦਿ ਕਰਿ ਐਸੀ ਅਗੰਮੀ ਸੂਝ ਬੂਝ ਉਹਨਾਂ ਨੂੰ ਹੋਇ ਆਂਵਦੀ ਹੈ।

ਕੇਵਲ ਗੁਰਮਤਿ ਦਰਸਾਈ ਉਪਰ ਲਿਖਤ ਵਿਉਂਤ-ਵਿਧੀ ਅਨੁਸਾਰ ਹੀ ਏਕੈ ਅਗੰਮ ਅਗੋਚਰ ਅਨਾਥ ਅਜੋਨੀ ਸੈਭੰ ਪ੍ਰਭੂ ਦਾ ਪਾਰ-ਦਰਸੀ-ਗਿਆਨ-ਸਾਰ ਪ੍ਰਾਪਤ ਹੁੰਦਾ ਹੈ। ਇਸ ਗਿਆਨ-ਰਸ-ਜੋਤੀ ਨਾਲ ਸੁਰਤ-ਭਰੀਵੇ ਗੁਰਮੁਖ-ਹੰਸਲਿਆਂ ਦਾ ਚਿੱਤ, ਸਦਾ ਅਡੋਲ ਰਹਿੰਦਾ ਹੈ, ਮਨ ਹੀ ਤੇ ਮਨਿ ਮਾਨੀ। ਇਸ ਅਡੋਲ


www.AKJ.Org

ਤਤ ਗਿਆਨ ਜੈਸੀ ਆਤਮ ਅਵਸਥਾ ਵਿਖੇ ਅਰੂੜ ਹੋ ਕੇ ਅਕੱਥ ਵਾਹਿਗੁਰੂ ਦੀ ਅਗੋਚਰ ਕਥਾ ਨੂੰ ਕਥ ਸਕੀਦਾ ਹੈ। ਅਤੇ ਕਥ ਲਈਦਾ ਹੈ, ਯਥਾ ਗੁਰਵਾਕ–

ਗਹਿਰ ਗੰਭੀਰ ਸਾਗਰ ਰਤਨਾਗਰ, ਅਵਰ ਨਹੀ ਅਨ ਪੂਜਾ॥
ਸਬਦੁ ਬੀਚਾਰਿ ਭਰਮ ਭਉ ਭੰਜਨੁ, ਅਵਰੁ ਨ ਜਾਨਿਆ ਦੂਜਾ ॥੫॥
ਮਨੂਆ ਮਾਰਿ ਨਿਰਮਲ ਪਦੁ ਚੀਨਿਆ, ਹਰਿ ਰਸ ਰਤੇ ਅਧਿਕਾਈ॥
ਏਕਸ ਬਿਨੁ ਮੈ ਅਵਰੁ ਨ ਜਾਨਾਂ, ਸਤਿਗੁਰਿ ਬੂਝ ਬੁਝਾਈ ॥੬॥
ਅਗਮ ਅਗੋਚਰੁ ਅਨਾਥੁ ਅਜੋਨੀ, ਗੁਰਮਤਿ ਏਕੋ ਜਾਨਿਆ॥
ਸੁਭਰ ਭਰੇ ਨਾਹੀ ਚਿਤੁ ਡੋਲੈ, ਮਨ ਹੀ ਤੇ ਮਨੁ ਮਾਨਿਆ॥ ੭॥
ਗੁਰ ਪਰਸਾਦੀ ਅਕਥਉ ਕਥੀਐ, ਕਹਉ ਕਹਾਵੈ ਸੋਈ ॥
ਨਾਨਕ ਦੀਨ ਦਇਆਲ ਹਮਾਰੈ, ਅਵਰੁ ਨ ਜਾਨਿਆ ਕੋਈ ॥੮॥੨॥

(ਸਾਰੰਗ ਮ:੧, ਪੰ: ੧੨੩੩)

ਗੁਰ ਪੂਰੇ ਦੀ ਐਸੀ ਵਡਿਆਈ ਹੈ ਕਿ ਗੁਰਮਤਿ ਨਾਮ ਅਭਿਆਸ ਕਰਿ ਉਰਧਾਰਿ ਬੀਚਾਰਿਆਂ, ਜਪ ਜਪ ਕੇ ਅਦ੍ਰਿਸ਼ਟ ਅਗੋਚਰ ਅਪ੍ਰੰਪਰ ਸੁਆਮੀ ਰਮੋ-ਰਮ-ਮਨਮੋਹਨ-ਅੰਤਰਜਾਮੀ ਗੁਪਤੋਂ ਪਰਗਟ ਦਿਸ ਪੈਂਦਾ ਹੈ ਅਤੇ ਦਰਸ-ਝਲਕਾਰ ਦੇਣ ਲੱਗ ਜਾਂਦਾ ਹੈ, ਯਥਾ ਗੁਰਵਾਕ–

"ਉਰਧਾਰਿ ਬੀਚਾਰਿ ਮੁਰਾਰਿ ਰਮੋ ਰਮੁ, ਮਨਮੋਹਨ ਨਾਮੁ ਜਪੀਨੇ॥
ਅਦ੍ਰਿਸਟੁ ਅਗੋਚਰੁ ਅਪਰੰਪਰ ਸੁਆਮੀ, ਗੁਰ ਪੂਰੈ ਪ੍ਰਗਟ ਕਰਿ ਦੀਨੇ ॥੧॥

(ਧਨਾਸਰੀ ਮ:੪, ਪੰਨਾ ੬੬੮)

ਦੁਨੀਆ ਦ੍ਰਿਸ਼ਟਮਾਨ ਮਾਇਆ ਦੇ ਪਸਾਰੇ ਨੂੰ ਸਤ ਕਰਕੇ ਮੰਨਦੀ ਹੈ ਅਤੇ ਅਦ੍ਰਿਸ਼ਟ ਨੂੰ ਮੰਨਦੀ ਹੀ ਨਹੀਂ। ਗੁਰਮਤਿ ਅਨੁਸਾਰ ਆਦਿ ਜੁਗਾਦੀ ਹੈਭੀ ਹੋਸੀ, ਅਗਮ ਅਗੋਚਰ, ਅਪਰ ਅਪਾਰ ਪਾਰਬ੍ਰਹਮ ਬਿਨਾਂ, ਹੋਰ ਸਭ ਕੁਝ ਝੂਠਾ ਹੈ; ਯਥਾ ਗੁਰਵਾਕ :-

ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ ॥
ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ ॥
ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ॥
ਆਦਿ ਜੁਗਾਦੀ ਹੈ ਭੀ ਹੋਸੀ, ਅਵਰੁ ਝੂਠਾ ਸਭੁ ਮਾਨੋ॥ (ਆਸਾ ਮ:੧ ਛੰਤ, ਪੰ:੪੩੭)

ਇਸ ਅਗਮ ਅਗੋਚਰ ਅਲਖ ਅਪਾਰ ਦੀ ਸਤਤਾ ਹੀ ਗੁਰਮਤਿ ਅਨੁਸਾਰ ਪਰਧਾਨ ਹੈ। ਇਸ ਨੂੰ ਜਾਗਦੀ ਜੋਤ ਪੇਖ ਕੇ ਹੀ, ਅੰਤਰਜਾਮੀ ਨੂੰ ਬਿਸੇਖ ਕੇ ਹੀ, ਗੁਰੂ ਸਾਹਿਬਾਂ ਨੇ ਸਨਮੁਖ ਬੇਨਤੀ ਉਚਾਰਨ ਕੀਤੀ ਹੈ। ਅਤੇ ਗੁਰਮੁਖ ਜਨਾਂ ਨੂੰ ਕਰਨੀ ਸਿਖਾਈ ਹੈ ਅਤੇ ਇਸ ਬਿਧਿ ਸਤਤਾ ਲਖਾਈ ਹੈ:–

ਅਗਮ ਅਗੋਚਰ ਅਲਖ ਅਪਾਰਾ, ਚਿੰਤਾ ਕਰਹੁ ਹਮਾਰੀ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ, ਘਟਿ ਘਟਿ ਜੋਤਿ ਤੁਮਾਰੀ॥

(ਬਿਲਾਵਲ ਮ:੧, ਪੰਨਾ੭੯੫)

ਇਹ ਗੱਲ ਬਿਲਕੁਲ ਸਹੀ ਹੈ ਕਿ ਇਸ ਅਗਮ ਅਗੋਚਰ ਪਾਰਬ੍ਰਹਮ ਪਰਮੇਸ਼ਰ ਨੂੰ ਜਣਾ ਕਣਾ ਕੋਈ ਸਿਆਣੇ ਤੋਂ ਵਡਾ ਸਿਆਣਾ ਭੀ ਨਹੀਂ ਅਪੜ ਸਕਦਾ। ਮਿਹਰਵਾਨ ਬੇਪਰਵਾਹ ਸੁਆਮੀ ਅੰਤਰਜਾਮੀ ਨੂੰ ਗੁਰ ਪ੍ਰਸਾਦੀ ਹੀ ਮਿਲ ਸਕੀਦਾ ਹੈ, ਗੁਰ ਸ਼ਬਦ ਕਮਾਈ ਕਰ ਕੇ। ਗੁਰ-ਸ਼ਬਦ ਦੀ ਸੇਵਾ ਕਮਾਈ ਓਸ ਗੁਰਮੁਖ ਜਨ ਤੋਂ ਹੁੰਦੀ ਹੈ ਜਿਸ ਦੇ ਉਪਰ ਉਸ ਮੇਹਰਵਾਨ ਦੀ ਮੇਹਰ ਆ ਹੁੰਦੀ ਹੈ। ਐਸੇ ਨਦਰ ਨਦ੍ਰਿਸ਼ਟੇ ਜਨ ਗੁਰਮਤਿ ਕਮਾਈ ਦੁਆਰਾ ਸਚੇ ਅਕਾਲ ਪੁਰਖ ਦੇ ਸਰੂਪ ਵਿੱਚ ਹੀ ਸਮਾਉਂਦੇ ਅਤੇ ਸਮਾਈ



www.AKJ.Org

ਰਹਿੰਦੇ ਹਨ। ਇਸ ਸਹਿਜ ਸਮਾਵਣੀ ਆਮ ਅਵਸਥਾ ਨੂੰ ਮਾਣਦੇ ਹੋਏ ਦਿਨ ਰਾਤੀ ਸੱਚੇ ਦੇ ਗੁਣ ਗਾਉਂਦੇ ਰਹਿੰਦੇ ਹਨ। ਹਰਿ ਗੁਣ ਗਾਂਵਦੀ ਉਹਨਾਂ ਦੀ ਰਸਨਾ ਕਦੇ ਥਕਦੀ ਹੀ ਨਹੀਂ। ਐਸਾ ਹਰਿ ਰਸ ਆਇਆ ਹੁੰਦਾ ਹੈ ਉਹਨਾਂ ਦੀ ਗੁਣ ਗਾਵਣ-ਹਾਰੀ ਰਸਨਾ ਨੂੰ ॥ ਉਹਨਾਂ ਨੂੰ ਗਹਿਰ ਗੰਭੀਰ ਸਚੇ ਸਾਹਿਬ ਨੂੰ ਸਦਾ ਸੱਚਾ ਸਲਾਹੁਣ ਵਿੱਚ ਸੱਚੀ ਧੀਰਜ ਹੈ। ਜਿਸ ਅਗਮ ਅਗੋਚਰ ਦੀ ਕੀਮਤ ਨਹੀਂ ਪਾਈ ਜਾ ਸਕਦੀ, ਗੁਰਮਖਾਂ ਨੇ ਉਸ ਨੂੰ ਆਪਣੇ ਹਿਰਦੇ ਅੰਦਰ ਵਸਾ ਲਿਆ ਹੈ, ਧੰਦੇ-ਧੰਦਈ ਹੋਈ ਲੋਈ (ਲੁਕਾਈ) ਨਿਰਾਲਮ-ਨਿਰੰਕਾਰ-ਨਿਰੰਜਨ ਨੂੰ ਨਹੀਂ ਪਛਾਣ ਸਕਦੀ। ਗੁਰਪ੍ਰਸਾਦੀ ਹੀ ਕੋਈ ਨਾਮ-ਕਮਾਈ ਵਾਲਾ ਗੁਰਮੁਖ ਜਨ ਬੁਝ ਸਕਦਾ ਹੈ। ਗੁਰਮਤੀ ਨਾਮ ਘਟ ਅੰਤਰਿ ਵਸਿਆ, ਨਾਮੀ ਵਾਹਿਗੁਰੂ ਨਾਲ ਦਰਸ-ਮਿਲਾਈ ਮੇਲ ਹੀ ਹੋ ਜਾਂਦਾ ਹੈ, ਯਥਾ ਗੁਰਵਾਕ–

ਅਗਮ ਅਗੋਚਰ ਵੇਪਰਵਾਹੇ॥ ਆਪੇ ਮਿਹਰਵਾਨ ਅਗਮ ਅਥਾਹੇ॥
ਅਪੜਿ ਕੋਇ ਨ ਸਕੈ ਤਿਸ ਨੋ, ਗੁਰ ਸਬਦੀ ਮੇਲਾਇਆ ॥੧॥
ਤੁਧੁ ਨੋ ਸੇਵਹਿ ਜੋ ਤੁਧੁ ਭਾਵਹਿ॥ ਗੁਰ ਕੈ ਸਬਦੇ ਸਚਿ ਸਮਾਵਹਿ॥
ਅਨਦਿਨੁ ਗੁਣ ਰਵਹਿ ਦਿਨੁ ਰਾਤੀ, ਰਸਨਾ ਹਰਿ ਰਸੁ ਭਾਇਆ ॥੨॥..... (ਮਾਰੂ ਮ:੩, ਪੰ:੧੦੬੭)
ਸਚਾ ਸਾਹਿਬੁ ਗਹਿਰ ਗੰਭੀਰਾ॥ ਸਦਾ ਸਲਾਹੀ ਤਾ ਮਨੁ ਧੀਰਾ॥
ਅਗਮ ਅਗੋਚਰੁ ਕੀਮਤਿ ਨਹੀ ਪਾਈ, ਗੁਰਮਖਿ ਮੰਨਿ ਵਸਾਇਦਾ ॥੧੫॥
ਆਪਿ ਨਿਰਾਲਮੁ ਹੋਰ ਧੰਧੈ ਲੋਈ॥ ਗੁਰ ਪਰਸਾਦੀ ਬੂਝੈ ਕੋਈ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤੀ ਮੇਲਿ ਮਿਲਾਇੰਦਾ ॥੧੬॥੭॥ (ਮਾਰੂ ਮ: ੩, ਪੰ:੧੦੬੧)

ਜਿਸ ਅਕਾਲ ਪੁਰਖ ਦੀ ਹੋਂਦ-ਹਸਤੀ ਨੂੰ ਅਨਮਾਨਣ ਮਾਤ੍ਰ ਤੋਂ ਭੀ ਆਮ ਅਲਪੱਗ ਪੁਰਸ਼ਾਂ ਦੀ ਅਕਲ ਅੰਧਲੀ ਬੋਲੀ ਨੀਮ-ਨਿਸਚੋਲੀ ਹੋ ਰਹੀ ਹੈ, ਉਹ ਪੁਰਖ ਬਿਧਾਤਾ ਆਦਿ ਜੁਗਾਦਿ ਤੋਂ ਹੀ ਦਇਆ-ਪਤਿ ਦਾਤਾ, ਗੁਰਮਤਿ ਆਸਤਕਤਾ ਦਾ ਮੁਖ ਕੇਂਦਰ, ਪਛਾਤਾ ਜਾਂਦਾ ਰਹਿਆ ਹੈ। ਪਰ ਜਿਨ੍ਹਾਂ ਪਛਾਤਾ ਹੈ, ਸਚ ਕਰ ਕੇ ਜਾਤਾ ਹੈ, ਪੂਰੇ ਗੁਰ ਕੇ ਸ਼ਬਦ-ਅਭਿਆਸ ਦੁਆਰਾ ਅੰਤਰ ਅਬਿਨਾਸ ਚਾਨਣਾ ਪਰਗਟ ਹੋਣ ਪਰ ਹੀ ਸਚ ਪਛਾਤਾ ਹੈ। ਹੇ ਸਤਿ ਅਸਤਾਸ਼, ਸਦਾ ਅਬਿਨਾਸ਼ ਕਰਤੇ, ਤੁਧਨੋ ਗੁਰ ਸ਼ਬਦ ਮੰਤ੍ਰ ਅਭਿਆਸ ਕਮਾਈ ਦੁਆਰਾ ਸੇਵਨਹਾਰੇ, ਤੁਧਨੂੰ ਸਤ ਪਛਾਣਦੇ, ਤੁਧ ਹੀ ਜਿਹੇ ਹੋ ਗਏ ਹਨ ਅਤੇ ਤੁਧ ਹੀ ਵਿਚ ਸਮਾ ਗਏ ਹਨ। ਤੁਧ ਆਪ ਕਿਰਪਾ ਕਰਿ, ਤਿਨ੍ਹਾਂ ਨੂੰ ਆਪਣੇ ਵਿਚ ਸਮਾਇ ਕੇ ਮਿਲਾਇ ਲਇਆ ਹੈ। ਹੇ ਅਗਮ ਅਗੋਚਰ ਸਾਹਿਬ, ਤੇਰੀ ਕੀਮਤ ਕਿਨੇ ਨਹੀਂ ਪਾਈ। ਸਭ ਜੀਆ-ਜੰਤ ਤੇਰੀ ਸਰਨਾਈ ਹੀ ਆਸਰਤ ਹੋ ਕੇ ਜੀਉਂਦੇ ਹਨ। ਜਿਉਂ ਤੈਨੂੰ ਭਾਉਂਦਾ ਹੈ ਤਿਵੇਂ ਤੂੰ ਚਲਾਉਂਦਾ ਹੈਂ; ਜਿਸਨੋਂ ਚਾਹੇਂ ਤਿਸਨੂੰ ਤੂੰ ਸੁਮਾਰਗ ਪਾਉਂਦਾ ਹੈ। ਤੂੰ ਹੈਂ ਭੀ ਸਤਿ, ਪਰਮੇਸ਼ਰ ਸਚਾ; ਹੋਸੀ ਸਾਚਾ, ਸਤਿ ਕਰਤਾਰ, ਸਭਨਾਂ ਦਾ ਸਿਰਜਨਹਾਰਾ ਹੈਂ। ਤੁਧ ਬਿਨ ਹੋਰ ਕੋਈ ਕਰਤਾ ਸਿਰਜ-ਸੰਵਾਰਤਾ ਨਹੀਂ। ਤੂੰ ਸਭਨਾਂ ਦੀ ਸਾਰ ਸੰਭਾਲਣਹਾਰਾ ਸੁਖਦਾਤਾ ਹੈਂ ਅਤੇ ਸਭਨਾਂ ਨੂੰ ਆਪੇ ਰਿਜ਼ਕ ਸੰਬਾਹੁਣ ਪਹੁੰਚਾਣਹਾਰਾ ਹੈਂ। ਅਗਮ ਅਗੋਚਰ ਅਲਖ ਅਪਾਰ ਨਿਰੰਜਨਾ ਨਿਰੰਕਾਰਾ, ਤੇਰਾ ਪਾਰਾਵਾਰ ਕਿਨੇ ਨਹੀਂ ਪਾਇਆ। ਆਪਣਾ ਆਪ ਅਸਲ ਵਜੂਦ, ਵਾਸਤਵ ਕਰਿ ਤੂੰ ਆਪ ਹੀ ਪਛਾਨਣ ਯੋਗ ਹੈਂ। ਪਰ ਜਿਸ ਜਿਸ ਤਾਈਂ ਆਪਣੇ ਹਸਤ-ਹੋਂਦੀਏ ਵਜੂਦ ਬੁਝਾਉਂਦਾ ਲਖਾਉਂਦਾ ਹੈਂ, ਗੁਰਮਤਿ ਦੀ ਸਚੀ ਰੋਸ਼ਨੀ ਰੋਸ਼ਨਾਉਣੋਂ ਹੀ ਬੁਝਾਉਂਦਾ ਲਖਾਉਂਦਾ ਹੈਂ। ਯਥਾ ਗੁਰਵਾਕ–

ਆਦਿ ਜੁਗਾਦਿ ਦਇਆਪਤਿ ਦਾਤਾ॥ ਪੂਰੇ ਗੁਰ ਕੈ ਸਬਦਿ ਪਛਾਤਾ ॥
ਤੁਧੁ ਨੋ ਸੇਵਹਿ ਸੇ ਤੁਝਹਿ ਸਮਾਵਹਿ, ਤੂੰ ਆਪੇ ਮੇਲਿ ਮਿਲਾਇਦਾ ॥੧॥
ਅਗਮ ਅਗੋਚਰੁ ਕੀਮਤਿ ਨਹੀ ਪਾਈ॥ ਜੀਅ ਜੰਤ ਤੇਰੀ ਸਰਣਾਈ ॥
ਜਿਉ ਤੁਧੁ ਭਾਵੈ ਤਿਵੈ ਚਲਾਵਹਿ, ਤੂ ਆਪੇ ਮਾਰਗਿ ਪਾਇਦਾ॥੨॥


www.AKJ.Org

ਹੈ ਭੀ ਸਾਚਾ ਹੋਸੀ ਸੋਈ।। ਆਪੇ ਸਾਜੇ ਅਵਰੁ ਨ ਕੋਈ।।
ਸਭਨਾ ਸਾਰ ਕਰੇ ਸੁਖਦਾਤਾ, ਆਪੇ ਰਿਜਕੁ ਪਹੁਚਾਇਦਾ ।।੩।।
ਅਗਮ ਅਗੋਚਰੁ ਅਲਖ ਅਪਾਰਾ।। ਕੋਇ ਨ ਜਾਣੈ ਤੇਰਾ ਪਰਵਾਰਾ।।
ਆਪਣਾ ਆਪੁ ਪਛਾਣਹਿ ਆਪੇ, ਗੁਰਮਤੀ ਆਪਿ ਬੁਝਾਇਦਾ।।੪।। (ਮਾਰੂ ਮ:੩, ਪੰਨਾ ੧੦੬੦)

ਦਰ-ਹਕੀਕਤ ਵਾਹਿਗੁਰੂ ਅਗਮ ਅਗੋਚਰ ਹੈ, ਅਲਖ ਹੈ, ਪਰੰਤੂ ਗੁਰ ਦੀਖਿਆ ਗੁਰਮੰਤ੍ਰ ਦੀ ਕਮਾਈ ਕਰਨਹਾਰਿਆਂ ਗੁਰਮੁਖਾਂ ਨੇ ਹੀ ਪਰਤੱਖ ਕਰਿ ਜਾਣਿਆ ਹੈ। ਅਤੇ ਗੁਰਮੁਖਤਾ ਦੁਆਰਾ ਹੀ ਜਾਣਿਆ ਜਾਂਦਾ ਹੈ।

"ਅਗਮ ਅਗੋਚਰੁ ਅਲਖੁ ਹੈ, ਗੁਰਮੁਖਿ ਹਰਿ ਜਾਣੁ ॥" (ਸੂਹੀ ਵਾਰ, ਪਉੜੀ ੧੧, ਪੰਨਾ ੭੮੯)

ਤਥਾ– ਪਾਰਬ੍ਰਹਮ ਅਪਰੰਪਰ ਦੇਵਾ ॥ ਅਗਮ ਅਗੋਚਰ ਅਲਖ ਅਭੇਵਾ।।
ਦੀਨ ਦਇਆਲ ਗੋਪਾਲ ਗੋਬਿੰਦਾ ਹਰਿ ਧਿਆਵਹੁ, ਗੁਰਮੁਖਿ ਗਾਤੀ ਜੀਉ ॥
(ਮਾਝ ਮ:੫, ਪੰਨਾ ੯੮)

ਗੁਰਮਤਿ ਲਖਾਈ ਗਾਤੀ ਦੁਆਰਾ ਹੀ ਧਿਆਇਆ ਜਾਂਦਾ ਹੈ। ਧਿਆਇ ਧਿਆਇ ਲਖਾਇਆ ਜਾਂਦਾ ਹੈ। ਸਿਮਰਨ ਦਾ ਮੰਤਵ ਹੀ ਇਹੀ ਹੈ ਕਿ ਅਗਮ ਅਗੋਚਰ ਅਲਖ ਅਪਾਰ ਪਾਰਬ੍ਰਹਮ ਨੂੰ ਲਖਿਆ ਜਾਵੇ। ਗੁਰਮਤਿ ਦ੍ਰਿੜਾਇਆ ਸਿਮਰਨ, ਦਿਨ-ਰੈਨਾਰੀ ਸਿਮਰਨ ਇਸ ਪ੍ਰਯੋਜਨ ਨੂੰ ਮੁਖ ਰਖ ਕੇ ਅਰੰਭਤ ਹੁੰਦਾ ਹੈ ਕਿ ਜਿਸ ਦਾ ਸਿਮਰਨ ਕੀਤਾ ਜਾਵੇ ਉਸ ਅਮਰਾਪਤ ਪਾਰਬ੍ਰਹਮ ਨੂੰ ਪ੍ਰਾਪਤ ਕੀਤਾ ਜਾਵੇ, ਯਥਾ ਗੁਰਵਾਕ–

ਅਗਮ ਅਗੋਚਰੁ ਅਲਖ ਅਪਾਰੇ।। ਨਾਨਕੁ ਸਿਮਰੈ ਦਿਨੁ ਰੈਨਾਰੇ।। (ਸੂਹੀ ਮ:੫, ਪੰਨਾ ੭੪੦)

ਗੁਰੂ ਨਾਨਕ ਸਰੂਪ ਦੇ ਦਸੇ ਜਾਮਿਆਂ ਦੇ ਅਗਮ-ਰੂਪਾਂ-ਦਰਸਾਰੇ ਦੇ ਦ੍ਰਿਸ਼ਟ-ਦ੍ਰਿਸ਼ਟਾਰੇ-ਝਲਕਾਰਿਆਂ ਨੂੰ ਸਨਮੁਖ ਦੇਖਦੇ ਹੋਏ ਹੀ, ਸਿਮਰਨ ਅਨੰਦ ਮਗਨ ਰਹਿੰਦੇ ਹਨ; ਪਰ ਤਿਸੈ (ਦਿਨ-ਰੈਨਾਰੀ) ਸਿਮਰਨ ਦੀ ਪਾਰਸ-ਕਲਾ ਸਤਿਗੁਰਾਂ ਨੇ ਐਸੀ ਲਖਾਈ-ਦ੍ਰਿੜਾਈ ਹੈ ਕਿ ਸਿਮਰਨ ਸ਼ਕਤੀ ਕਰਿ ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ਭੀ ਦ੍ਰਿਸ਼ਟੀ-ਗੋਚਰ ਹੋਇ ਆਉਂਦਾ ਹੈ। ਅਤੇ ਸਿਮਰਨ ਕਰਨਹਾਰੇ ਗੁਰਸਿਖਾਂ ਪ੍ਰਤੀ ਸਦਾ ਸਦਾ ਜੁਗਾਂ ਪ੍ਰਯੰਤ ਦ੍ਰਿਸ਼ਟੀ-ਗੋਚਰ ਹੁੰਦਾ ਰਹੇਗਾ। ਸੋ ਜਿਸ ਕਿਸੇ ਨੇ ਵੀ ਅਦ੍ਰਿਸ਼ਟ ਅਗੋਚਰ ਪ੍ਰਮਾਤਮਾ ਦਾ ਆਤਮ-ਦ੍ਰਿਸ਼ਟ-ਦਰਸਾਰਾ ਦੇਖਣਾ ਹੋਵੇ ਸੋ ਗੁਰੂ-ਘਰ ਵਿਖੇ ਆਇ ਕੇ ਨਿਸੰਗ ਪੇਖੇ ਪਰਖੇ, ਅਜ਼ਮਾਏ, ਆਪਣੀ ਅੱਖੀਂ ਦੇਖੇ। ਬਿਨ ਦੇਖੇ ਕੈਸੇ ਪਤੀਆਇ ਅਤੇ ਕੈਸੇ ਨਾਸਤਕਤਾ ਅਤੇ ਐਗਨਾਸਟਿਇਜ਼ਮ ਦਾ ਜ਼ਹਿਰ ਦੂਰ ਹੋ ਜਾਏ।

('ਅਣਡਿਠੀ ਦੁਨੀਆ' ਪੁਸਤਕ ਵਿਚੋਂ) ——

## ਅੰਮ੍ਰਿਤਸਰ ਸਿਫਤੀ ਦਾ ਘਰੁ

(ਵਲੋਂ :- ਸ: ਮਨੋਹਰ ਸਿੰਘ ਜੀ ਮਾਰਕੋ, ਨਵੀਂ ਦਿਲੀ)

ਮੈਂ ਸਭੇ ਝਾਕਾਂ ਝਾਕੀਆਂ ਕੋਈ ਤੇਰੇ ਵਾਂਗ ਨ ਹੋਰ; ਸਤ ਬਹਿਸ਼ਤਾਂ ਆਣ ਕੇ, ਜਿਸ ਥਾਂ ਕਰਦੀਆਂ ਚੌਰ।
ਕੌਸਰ ਤਾਂ ਬਸ ਚਸ਼ਮੇ, ਇਥੇ ਅੰਮ੍ਰਿਤ ਭਰੇ ਤੱਲਾ; ਉਥੇ ਇਕ ਅਧ ਘੁਝ ਨੂੰ ਸਹਿਕਦੇ, ਇਥੇ ਚੁਭੀਆਂ ਲਾਂਦੇ ਆ।
ਇੰਦਰ-ਲੋਕ ਕਹਾਣੀਆਂ, ਅੰਮ੍ਰਿਤਸਰ ਪਰਤੱਖ; ਇਨ੍ਹੂੰ ਅਰਜਨ ਸਤਿਗੁਰ ਸਾਜਿਆ, ਗੁਰੂ ਰਾਮਦਾਸ ਦੀ ਰਖ।
ਇਥੇ ਹੂਰਾਂ ਸਿਜਦੇ ਕਰਦੀਆਂ, ਇਹ ਰੱਬ ਦਾ ਗ੍ਰਿਹਿ-ਅਸਥਾਨ; ਤੱਕ ਤੱਕ ਵਿਗਸਣ ਦੇਵਤੇ, ਹਰੀ-ਮੰਦਰ ਦੀ ਸ਼ਾਨ।
ਇਥੇ ਰੁਖਾਂ ਨੂੰ ਵੀ ਬਖਸ਼ਸ਼ਾਂ, ਦੁਖ ਭੰਜਨ ਦੇ ਵਰਦਾਨ; ਰਬ-ਰਜਾਈਆਂ ਬੀਬੀਆਂ ਅਤੇ ਹੰਸਾਂ ਜਹੇ ਇਨਸਾਨ।
ਸਭ ਉਚੇ ਮੰਦਰ ਲੋਚਦੇ, ਹਰਿ-ਮੰਦਰ ਨੀਵੇਂ ਥਾਨ; ਚਾਰ ਦਿਸ਼ਾਵਾਂ, ਚਾਰ-ਦਰ, ਚਹੁੰ ਵਰਨਾਂ ਦੀ ਜਾਨ।
ਨਿਰਧਨ ਸੰਧੀ ਦੋਸਤੀ, ਨਿਰਬਲ ਨੂੰ ਆਸੀਸ; "ਜਿਥੇ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ"।
ਅੰਮ੍ਰਿਤ ਬਾਣੀ ਸਿਰਜਦੇ, ਸਤਿਗੁਰ ਜਪਦੇ ਜਾਪ; ।ਬੁੱਢਾ ਜੀ ਦੇ ਸਿਦਕ ਦੀ, ਚਪੇ ਚਪੇ ਤੇ ਛਾਪ।
ਸੋਨੇ-ਲਦੇ ਕਲਸ ਨੇ, ਸੋਨਮਈ ਇਤਿਹਾਸ, ਮਸੇ ਵਰਗੇ ਸ਼ਤਰੂ, ਪਲ ਵਿਚ ਹੁੰਦੇ ਨਾਸ।
ਇਥੇ ਮੁਕਤੀ ਮਿਲੇ ਨਹਾਤਿਆਂ, ਤਨ ਹੁੰਦੇ ਨਵੇਂ ਨਕੋਰ; ਮੈਂ ਸਭੇ ਝਾਕਾਂ ਝਾਕੀਆਂ, ਕੋਈ ਤੇਰੇ ਵਾਂਗ ਨਾ ਹੋਰ।



www.AKJ.Org

# ਸ੍ਰੀ ਗੁਰੂ ਤੇਗ ਬਹਾਦਰ ਜੀ-ਇਕ ਦੈਵੀ ਤਸਵੀਰ

(ਸ: ਸੱਜਣ ਸਿੰਘ ਜੀ)

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਾਵਨ ਸ਼ਖਸੀਅਤ ਦੀ ਲੱਖਤਾ ਅਲਪ ਬੁੱਧੀ ਦੀ ਪਹੁੰਚ ਤੋਂ ਬਹੁਤ ਦੂਰ ਹੈ। ਸਮਕਾਲੀ ਜਾਂ ਵਰਤਮਾਨ ਲਿਖਾਰੀਆਂ ਨੇ ਜੋ ਵੀ ਬਰਨਤ ਕੀਤਾ ਹੈ, ਪਰਮਜੋਤਿ ਦਾ ਅੰਸ਼ ਮਾਤਰ ਹੀ ਕੀਤਾ ਹੈ ਕਿਉਂਕਿ ਸਾਧਾਰਨ ਮਨੁੱਖ ਦੀ ਦ੍ਰਿਸ਼ਟੀ ਪਰਮਜੋਤੀ ਦੀ ਆਭਾ ਨੂੰ ਨਿਹਾਰਨ ਤੋਂ ਅਸਮਰਥ ਹੈ ਤੇ ਬੁੱਧੀ ਵੀ ਆਪਣੇ ਸੀਮਤ ਮੰਡਲ ਦੇ ਦਾਇਰੇ ਤੋਂ ਪਾਰ ਨਹੀਂ ਜਾ ਸਕਦੀ।

ਪੰਥ ਵਿਰੋਧੀ ਤੇ ਮੁਗਲਾਂ ਦੀ ਲਿਖਤ ਵਿਚੋਂ ਅਸਲੀਅਤ ਤੇ ਪੜਦਾ ਪਾਉਣ, ਝੂਠ ਬੋਲਣ ਤੇ ਗਲਤ ਬਿਆਨੀ ਦਾ ਰੰਗ ਤੱਕਣ ਵਿਚ ਆਉਂਦਾ ਹੈ। ਇਹ ਸੁਭਾਵਕ ਹੈ ਤੇ ਕੋਈ ਵਿਰਲਾ ਜਨ ਹੀ ਪੱਖਵਾਦ ਤੇ ਤੰਗ-ਦਿਲੀ ਤੋਂ ਨਿਰਲੇਪ ਹੈ। ਪਰ ਕਈ ਵਾਰ ਇੰਜ ਵੀ ਹੁੰਦਾ ਹੈ ਸਚਾਈ ਕਿਸੇ ਨ ਕਿਸੇ ਰੂਪ ਵਿਚ ਵੀ ਉਨ੍ਹਾਂ ਦੀ ਨਫਰਤ ਵਿਚੋਂ ਡੁੱਲ ਡੁੱਲ ਪੈਂਦੀ ਹੈ।

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸਮੁੱਚੇ ਤੌਰ ਤੇ ਤਿਆਗਮਈ ਆਖਿਆ ਜਾਂਦਾ ਹੈ ਪਰ ਸੰਸਾਰ ਨੂੰ ਨਾਸ਼ਮਾਨ ਜਾਂ ਸੁਪਨਾ ਕਹਿਣ ਦਾ ਇਹ ਅਰਥ ਤਾਂ ਕੱਢਿਆ ਨਹੀਂ ਜਾ ਸਕਦਾ ਕਿ ਗੁਰੂ ਸਾਹਿਬ ਨਿਰਾਸ਼ਾਵਾਦੀ ਸਨ। ਇਤਿਹਾਸ ਵਿੱਚ ਇਹ ਸਾਖੀ ਪ੍ਰਚੱਲਤ ਹੋ ਗਈ ਕਿ ਦਿੱਲੀ ਵਿਚ ਜਦ ਗੁਰਦੇਵ ਜੀ ਦੇ ਕੁਝ ਸੰਗੀ ਸਾਥੀ ਜਾਂ ਸੇਵਕ ਚਲੇ ਗਏ ਜਾਂ ਸ਼ਹੀਦ ਹੋ ਗਏ ਤਾਂ ਆਪ ਜੀ ਨੇ ਸਾਹਿਬਜ਼ਾਦੇ (ਗੁਰੂ ਗੋਬਿੰਦ ਸਿੰਘ ਜੀ) ਨੂੰ ਹੇਠ ਲਿਖਿਆ ਸਲੋਕ ਭੇਜਿਆ ਤੇ ਉਸ ਦੇ ਉਤਰ ਦੀ ਉਡੀਕ ਕੀਤੀ।

ਬਲ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥੫੩॥

ਅਤੇ ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥੫੫॥

ਇਸ ਸਾਖੀ ਨਾਲ ਸਾਰੇ ਵਿਦਵਾਨ ਸਹਿਮਤ ਨਹੀਂ ਹਨ। ਕੀ ਗੁਰਦੇਵ ਜੀ ਨੇ ਇਸ ਮੌਕੇ ਤੇ ਹੀ ਗੁਰੂ ਨਾਨਕ ਜੀ ਦੀ ਗੱਦੀ ਦੇ ਵਾਰਸ ਦੀ ਪ੍ਰੀਖਿਆ ਲੈਣੀ ਸੀ? ਕੀ ਪ੍ਰੀਖਿਆ ਜ਼ਰੂਰੀ ਸੀ? ਸ੍ਰੀ ਗੁਰੂ ਹਰਿ ਕ੍ਰਿਸ਼ਨ ਮਹਾਰਾਜ ਨੇ ਕੋਈ ਪ੍ਰੀਖਿਆ ਨਹੀਂ ਸੀ ਲਈ। ਕੀ ਅਜਿਹੇ ਲਾਚਾਰੀ ਤੇ ਨਿਰਾਸਤਾ ਭਰੇ ਸ਼ਬਦ ਗੁਰਦੇਵ ਜੀ ਦੀ ਮਹਾਨ ਕੁਰਬਾਨੀ ਨਾਲ ਮੇਲ ਖਾਂਦੇ ਹਨ? ਹਾਂ ਇਸ ਤੱਥ ਵਿਚ ਹਕੀਕਤ ਨਜ਼ਰ ਆਉਂਦੀ ਹੈ ਕਿ ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਕੇ ਸ਼ਹਾਦਤ ਦੇਣ ਦੇ ਵਿਚਾਰ ਨਾਲ ਹੀ ਗੁਰਦੇਵ ਜੀ ਨੇ ਆਪਣੇ ਹੋਣਹਾਰ ਸਪੁੱਤਰ ਨੂੰ ਗੱਦੀ ਪਰਦਾਨ ਕਰਨ ਦਾ ਫੈਸਲਾ ਕਰ ਲਿਆ ਸੀ।

ਦੂਸਰੇ ਪਾਸੇ ਅੰਨ੍ਹੀ ਮੁਗਲ ਹਕੂਮਤ ਨੇ ਗੁਰਦੇਵ ਜੀ ਨੂੰ ਧਾੜਵੀ ਤੇ ਡਾਕੂ ਆਖਿਆ ਤੇ ਭੋਲੀ ਭਾਲੀ ਪਰਜਾ ਨੂੰ ਭੜਕਾਉਣ ਤੇ ਉਕਸਾਉਣ ਦਾ ਇਲਜ਼ਾਮ ਲਗਾਇਆ, ਏਥੇ ਤਕ ਕਿ ਹਕੂਮਤ ਵਿਰੁੱਧ ਬਾਗੀ ਹੋਣ ਦਾ ਦੋਸ਼ ਲਾ ਕੇ ਗ੍ਰਿਫਤਾਰੀ ਦੇ ਵਾਰੰਟ ਜਾਰੀ ਕੀਤੇ ਤੇ ਗੁਰੂ ਨਾਨਕ ਘਰ ਦੇ ਦੈਵੀ ਗੁਣਾਂ ਨੂੰ ਛੁਟਿਆਉਣ ਦੇ ਕੋਝੇ ਰਾਹ ਅਪਣਾਏ। ਹਕੂਮਤ ਦੀ ਇਹ ਹਰਕਤ ਤੁਅੱਸਬ ਤੇ ਬੇਇਨਸਾਫੀ ਦੀ ਬਿਰਨਾ ਤੇ ਸੀ ਪਰ ਇਹ ਕੋਈ ਨਵੀਂ ਗੱਲ ਨਹੀਂ, ਹਕੂਮਤਾਂ ਇਸ ਤਰਾਂ ਦੇ ਦੋਸ਼ ਲਾਉਂਦੀਆਂ ਹੀ ਆਈਆਂ ਹਨ। ਜੇ ਇਸ ਵਿਚੋਂ ਰਾਜ-ਮਦ, ਧਾਰਮਕ ਕਟੱੜਤਾ ਤੇ ਅੱਤ ਕਥਨੀ ਕੱਢ ਦਈਏ ਤਾਂ ਨਿਰੋਲ ਹਕੀਕਤ ਰਹਿ ਜਾਂਦੀ ਹੈ।

ਇਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਮੁਗਲ ਹਕੂਮਤ ਸਤਿਗੁਰੂ ਜੀ ਦੇ ਧਾਰਮਕ ਪਰਚਾਰ ਨੂੰ ਆਪਣੇ ਲਈ ਖਤਰਾ ਸਮਝਦੀ ਸੀ, ਦੀਨ ਦੁਖੀਆਂ ਦੇ ਦਰਦ ਵੰਡਾਉਣ ਦੇ ਪਰਉਪਕਾਰੀ ਕਾਰਜਾਂ ਨੂੰ ਆਪਣੀ ਹੇਠੀ ਸਮਝਦੀ ਸੀ। ਉਹ ਜਾਣਦੀ ਸੀ ਕਿ ਦੇਵੀ ਦੇਵਤਿਆਂ ਦੇ ਪੂਜਾਰੀਆਂ ਭਗਤਾਂ, ਤੇ ਪੰਡਤਾਂ ਤੋਂ ਸਾਨੂੰ ਕੋਈ ਡਰ ਨਹੀਂ; ਜੇ ਡਰ ਹੈ ਤਾਂ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੋਂ ਜਿਹੜੇ ਨਿਰਭਉ ਨਿਰੰਕਾਰ


www.AKJ.Org

ਦਾ ਨਾਮ ਜਪਾ ਕੇ ਮਾਇਆ ਤੋਂ ਨਿਰਲੇਪ ਰਹਿਣ ਦਾ ਉਪਦੇਸ਼ ਦਿੰਦੇ, ਨਾ ਡਰਨ ਤੇ ਨਾ ਡਰਾਉਣ ਦਾ ਸਬਕ ਦ੍ਰਿੜਾ ਕੇ ਨਿਰਭੈਤਾ ਦਾ ਜਜ਼ਬਾ ਉਤਪੰਨ ਕਰਦੇ ਸਨ।

ਜਿਹੜਾ ਦੇਸ਼ ਇਕ ਵਾਰ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜ ਜਾਂਦਾ ਹੈ, ਉਸ ਨੂੰ ਆਪਣੀਆਂ ਜ਼ੁੰਮੇਵਾਰੀਆਂ ਦਾ ਅਹਿਸਾਸ ਹੋਣ ਚਾਹੀਦਾ ਹੈ। ਗੁਲਾਮੀ ਨੂੰ ਖੁਦਾਈ ਹੁਕਮ ਸਮਝਣ ਵਾਲੇ ਤੇ ਢੇਰੀ ਢਾਹ ਕੇ ਬਹਿਣ ਵਾਲੇ ਮਨੁੱਖ ਆਜ਼ਾਦੀ ਦੀ ਸਹੀ ਕਦਰ ਕਰਨ ਜੋਗੇ ਨਹੀਂ ਰਹਿੰਦੇ। ਕੋਈ ਵਸਤੂ ਮੁਫਤ ਨਹੀਂ ਮਿਲਦੀ, ਉਸ ਦਾ ਯੋਗ ਮੁੱਲ ਤਾਰਨਾ ਪੈਂਦਾ ਹੈ। ਜਿਸ ਪਰਤੰਤਰ ਦੇਸ਼ ਦੇ ਵਾਸੀ, ਮਾਇਆ ਵਿੱਚ ਗਲਤਾਨ ਹੋਣ, ਪੀਰਾਂ ਫਕੀਰਾਂ ਦੇ ਸ਼ਕੰਜੇ ਵਿਚ ਫਸੇ ਹੋਣ, ਦੇਹ ਧਾਰੀ ਗੁਰੂਆਂ ਦੇ ਪੈਰੋਕਾਰ ਹੋਣ, ਦੇਵੀ ਦੇਵਤਿਆਂ ਦੇ ਪੁਜਾਰੀ ਹੋਣ, ਸੁਤੰਤਰ ਪੰਛੀਆਂ ਨੂੰ ਤੱਕ ਕੇ ਵੀ ਸੁਤੰਤਰਤਾ ਪ੍ਰਾਪਤੀ ਦੀ ਇੱਛਿਆ ਨਾ ਰੱਖਦੇ ਹੋਣ ਤੇ ਕੋਈ ਕੀਮਤ ਦੇਣ ਲਈ ਤਿਆਰ ਨ ਹੋਣ, ਉਸ ਬਿਚਾਰੇ ਦੇਸ਼ ਦੀ ਵਿਦੇਸ਼ੀ ਹਕੂਮਤ ਨੂੰ ਰਾਜ ਖੁੱਸਣ ਦਾ ਸਹਸਾ ਨਹੀਂ ਹੁੰਦਾ ਤੇ ਉਹ ਬੇਖਟਕੇ ਗੂੜ੍ਹੀ ਨੀਂਦ ਮਾਣਦੀ ਹੈ।

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਹੁਪੱਖੀ ਸ਼ਖਸੀਅਤ ਅਨਿਕ ਦੈਵੀ ਗੁਣਾਂ ਨਾਲ ਸ਼ਿੰਗਾਰੀ ਹੋਈ ਸੀ। ਮਾਨਵ ਪਿਆਰ, ਸਹਾਨੁਭੂਤੀ, ਤਿਆਗ ਤੇ ਨਿਰਲੇਪਤਾ ਦਾ ਪ੍ਰਗਟਾਵਾ ਬਚਪਨ ਦੀ ਅਵਸਥਾ ਵਿਚ ਹੀ ਕਰ ਦਿੱਤਾ ਸੀ। ਆਪਣੀ ਕੀਮਤੀ ਪੋਸ਼ਾਕ ਦੇ ਕੇ ਇੱਕ ਗਰੀਬ, ਅਨਾਥ ਬੱਚੇ ਦਾ ਨੰਗੇਜ ਢੱਕਣਾ, ਸਾਧਾਰਨ ਪਰਉਪਕਾਰ ਨਹੀਂ ਇਕ ਮਹਾਨ ਕੁਰਬਾਨੀ ਦਾ ਇਕ ਛੋਟਾ ਜਿਹਾ ਚਿਤਰ ਸੀ। ਫਿਰ ਉਹ ਸਮਾਂ ਵੀ ਆਇਆ ਕਿ ਜਬਰਨ ਧਰਮ ਪਰਿਵਰਤਣ ਦੇ ਅੱਤਿਆਚਾਰ ਤੋਂ ਦੁਖੀ ਹੋਏ ਮਜ਼ਲੂਮ ਕਸ਼ਮੀਰੀ ਪੰਡਤਾਂ ਦੀ ਦਰਦ ਭਰੀ ਫਰਿਆਦ ਸੁਣ ਕੇ ਆਪ ਜੀ ਨੇ ਬਿਰਦ ਦੀ ਪਾਲਨਾ ਕੀਤੀ ਤੇ ਬੇਸਹਾਰਾ ਹਿੰਦੂ ਧਰਮ ਦੀ ਰੱਖਿਆ ਲਈ ਤੇ ਉਨ੍ਹਾਂ ਦੀ ਪੱਤ ਢੱਕਣ ਲਈ ਆਪਣੀ ਜਾਨ ਨਿਛਾਵਰ ਕਰਨ ਤੋਂ ਵੀ ਸੰਕੋਚ ਨਹੀਂ ਕੀਤਾ।

ਆਪ ਉਸ ਮਹਾਨ ਪਰਉਪਕਾਰੀ, ਸੂਰਮੇ ਤੇ ਜੋਧੇ ਦੇ ਸਪੂਤ ਸਨ ਜਿਨ੍ਹਾਂ ਨੇ ਮੁਗਲਾਂ ਦੀਆਂ ਸਥਾਨਕ ਫੌਜਾਂ ਨਾਲ ਡਟ ਕੇ ਟੱਕਰ ਲਈ, ਫੌਜਾਂ ਰੱਖੀਆਂ ਤੇ ਖੂਬ ਦੰਦ ਖੱਟੇ ਕੀਤੇ। ਕਰਤਾਰਪੁਰ ਦੀ ਜੰਗ ਵਿਚ ਐਸੀ ਹਿੰਮਤ, ਦਲੇਰੀ ਤੇ ਜੰਗੀ ਹੁਨਰਾਂ ਨਾਲ ਸੂਰਮਗਤੀ ਦਾ ਪ੍ਰਗਟਾਵਾ ਕੀਤਾ ਕਿ ਮੁਗਲ ਸੈਨਾ ਤੱਕ ਕੇ ਹੈਰਾਨ ਰਹਿ ਗਈ। ਪਿਤਾ ਜੀ ਨੇ ਤੇਗਜ਼ਨੀ ਦਾ ਕਰਤੱਬ ਤੱਕ ਕੇ 'ਤੇਗ ਬਹਾਦਰ' ਦਾ ਨਾਮ ਇਨਾਮ ਵਜੋਂ ਦਿੱਤਾ। ਹਾਲਾਤ ਦੇ ਅਨੁਸਾਰ ਹੁਣ ਆਪ ਜੀ ਨੇ ਆਪਣੀ ਕਰਨੀ ਨੂੰ ਵੱਖਰਾ ਰੂਪ ਦਿੱਤਾ। ਆਪਾ ਵਾਰਨ ਦਾ ਇਹ ਰੂਪ, ਮਸ਼ਾਲ ਵਾਂਗੂੰ ਸਾਰੇ ਸੰਸਾਰ ਵਿਚ ਚਮਕਿਆ। ਨਿਰਸੰਦੇਹ ਇਸ ਮਹਾਨ ਸਾਕੇ ਨੇ ਸਪਸ਼ਟ ਕਰ ਦਿੱਤਾ ਕਿ ਲੋੜ ਪੈਣ ਤੇ ਇਕ ਮਹਾਨ ਸੂਰਮਾ ਤੇ ਤਲਵਾਰ ਦਾ ਧਨੀ, ਹਕੂਮਤ ਦੀ ਹਿੰਸਕ ਕਾਰਵਾਈ ਦੇ ਵੇਗ ਨੂੰ ਠੱਲ ਪਾਉਣ ਲਈ ਅਹਿੰਸਾਬਾਦ ਦਾ ਰਾਹ ਅਪਨਾ ਸਕਦਾ ਹੈ ਤੇ ਚੜ੍ਹਦੀ ਕਲਾ ਵਿੱਚ ਰਹਿ ਕੇ ਆਤਮ-ਬਲੀਦਾਨ ਦੇ ਸਕਦਾ ਹੈ।

ਆਪ ਜੀ ਦੀ ਮਹਾਨ ਸ਼ਖਸੀਅਤ, ਹਜ਼ੂਰ ਦੀਆਂ ਸਿਖਿਆਵਾਂ ਕਰਨੀਆਂ ਤੇ ਜੀਵਨ ਦੀਆਂ ਘਟਨਾਵਾਂ ਤੋਂ ਪ੍ਰਤੱਖ ਮੂਰਤੀਮਾਨ ਹੁੰਦੀ ਹੈ। ਪਿਤਾ ਗੁਰੂ ਦੀ ਫਰਮਾਬਰਦਾਰੀ ਆਦਰਸ਼ਕ ਸੀ, ਹੁਕਮ ਦੀ ਪਾਲਣਾ, ਖਿੜੇ ਮੱਥੇ ਪਰਵਾਨ ਕਰਨੀ, ਭਉ ਭਾਉ ਦਾ ਦੈਵੀ ਅੰਗ ਸੀ। ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਭਾਇਆ ਕਿ ਉਨ੍ਹਾਂ ਦੇ ਬਾਅਦ ਗੁਰਗੱਦੀ ਦੀ ਜ਼ੁੰਮੇਵਾਰੀ ਆਪਣੇ ਪੋਤੇ ਗੁਰੂ ਹਰਿਰਾਇ ਜੀ ਨੂੰ ਦਿੱਤੀ ਜਾਵੇ ਤੇ ਗੁਰੂ ਤੇਗ ਬਹਾਦਰ ਜੀ ਬਕਾਲਾ ਵਿੱਚ ਇਕਾਂਤ ਵਾਤਾਵਰਨ ਵਿਚ ਭਗਤੀ ਕਰਨ। ਹਜ਼ੂਰ ਨੇ ਇਸ ਹੁਕਮ ਵਿੱਚ ਆਪਣੇ ਆਪ ਨੂੰ ਵਡਭਾਗੀ ਜਾਣਿਆ। ਸਮੇਂ ਨੇ ਮੰਗ ਕੀਤੀ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਦਿੱਲੀ ਸ਼ਹਿਰ ਬੈਠਿਆਂ ਕੇਵਲ 'ਬਾਬਾ ਬਕਾਲਾ' ਉਚਾਰ ਕੇ ਗੁਰਗੱਦੀ ਬਖਸ਼ਣ ਦਾ ਫੁਰਮਾਨ ਕੀਤਾ। ਸਬੰਧੀਆਂ ਤੇ ਸ਼ਰੀਕਾਂ ਨੇ ਗੁਰਗੱਦੀ ਨੂੰ ਆਪਣੀ ਜੱਦੀ ਜਾਇਦਾਦ ਸਮਝੀ ਤੇ ਇੱਕ ਜਾਂ ਦੋ ਨਹੀਂ, ਬਾਈ ਮੰਜੀਆਂ ਕਾਇਮ ਹੋ ਗਈਆਂ। ਹਰੇਕ ਨੇ ਆਪਣੇ ਆਪ ਨੂੰ ਗੁਰਗੱਦੀ ਦਾ ਅਸਲੀ ਦਾਅਵੇਦਾਰ ਬਣਾ ਕੇ ਸੰਗਤਾਂ ਨੂੰ ਆਪਣੇ ਵਲ ਖਿੱਚਣ ਦਾ ਜਤਨ ਕੀਤਾ। ਇਕ ਅਜਬ ਸਮੱਸਿਆ ਖੜੀ ਹੋ ਗਈ ਪਰ ਮੱਖਣ ਸ਼ਾਹ ਲੁਬਾਣੇ ਨੇ ਆਪਣੀ ਸੂਝ-ਬੂਝ ਤੇ ਆਪਬੀਤੀ ਦੇ ਅਧਾਰ ਤੇ ਗੁਪਤ ਹੀਰੇ ਨੂੰ ਪ੍ਰਗਟ ਦਿਖਲਾਇਆ।



www.AKJ.Org

ਆਪ ਘੋਰ ਤਪੱਸਿਆ ਕਰਕੇ ਜੀਵਨ ਮੁਕਤੀ ਦੀ ਪ੍ਰਾਪਤੀ ਕਰ ਚੁਕੇ ਸਨ ਤੇ ਹਰੇਕ ਕਿਸਮ ਦੀ ਪਕੜ ਤੇ ਲਗਾਉ ਤੋਂ ਨਿਰਲੇਪ ਸਨ ਪਰ ਗੁਰੂ ਨਾਨਕ ਜੋਤਿ ਦੇ ਇਲਾਹੀ ਹੁਕਮ ਤੇ ਸੰਗਤ ਦੀ ਬੇਨਤੀ ਦੇ ਸਤਿਕਾਰ ਵਜੋਂ ਹਜ਼ੂਰ ਨੇ ਦੈਵੀ ਜ਼ੁਮੇਵਾਰੀ ਦਾ ਭਾਰ ਉਠਾਉਣਾ ਸਵੀਕਾਰ ਕਰ ਲਿਆ। ਪੋਤੇ ਵਲੋਂ ਦਾਦੇ ਨੂੰ ਗੁਰਗੱਦੀ ਦੇਣ ਦੇ ਫੈਸਲੇ ਦਾ ਸੁਆਗਤ ਸੰਗਤ ਨੇ ਅਤੀ ਚਾਉ ਤੇ ਉਮਾਹ ਨਾਲ ਕੀਤਾ। ਸੀਹਾ ਉਪਲ ਨੇ ਈਰਖਾ ਵਸ ਹੋਇ ਕੇ ਗੁਰਦੇਵ ਜੀ ਤੇ ਗੋਲੀ ਚਲਾਈ ਜਿਹੜੀ ਅਕਾਲ ਪੁਰਖ ਦੇ ਭਾਣੇ ਅੰਦਰ ਹਾਨੀ ਨਹੀਂ, ਪਹੁੰਚਾ ਸਕੀ। ਆਪ ਜੀ ਦੇ ਵਿਸ਼ਾਲ ਹਿਰਦੇ ਨੇ ਨਾ ਕੇਵਲ ਖਿਮਾ ਕੀਤਾ ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਸਮੇਤ ਲੁੱਟਿਆ ਹੋਇਆ ਮਾਲ ਵੀ ਵਾਪਸ ਕਰ ਦਿੱਤਾ।

ਇਸ ਘਟਨਾ ਨੇ ਗੁਰਦੇਵ ਜੀ ਦੀ ਨਿਰਭੈਤਾ ਤੇ ਸਹਜ ਅਵਸਥਾ ਦਾ ਪਰਤੱਖ ਰੂਪ ਦਿਖਾ ਦਿੱਤਾ। ਖਿਮਾ ਤੇ ਉਦਾਰਤਾ ਪੂਰਨ ਪੁਰਖ ਦੇ ਲੱਛਣ ਹੁੰਦੇ ਹਨ, ਉਹ ਵੀ ਪ੍ਰਗਟ ਹੋ ਗਏ। ਗੁਰਸਿੱਖਾਂ ਦੀ ਹਿੰਮਤ ਨੇ ਉਜਾਗਰ ਕਰ ਦਿੱਤਾ ਕਿ ਉਨ੍ਹਾਂ ਵਿਚ ਬਦਲਾ ਲੈਣ ਦੀ ਅਥਾਹ ਸ਼ਕਤੀ ਹੈ ਪਰ ਆਪ ਜੀ ਨੇ ਹੋਰ ਸਜ਼ਾ ਦੇਣ ਤੋਂ ਰੋਕ ਦਿੱਤਾ।

ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਤਰਜਮਾ ਕਰਨ ਵਾਲੇ ਬਹੁਤ ਹਨ ਪਰ ਦੈਵੀ ਗੁਣਾਂ ਦਾ ਅਮਲੀ ਰੂਪ ਵਿਚ ਅਨੁਵਾਦ ਕਰਨਾ ਹਜ਼ੂਰ ਨੂੰ ਹੀ ਸ਼ੋਭਦਾ ਹੈ। ਗੁਰਵਾਕ ਹੈ-:

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ, ਏਹ ਸੁਮਤਿ ਸਾਧੂ ਤੇ ਪਾਈ ॥੨॥ (ਕਾਨੜਾ ਮਹਲਾ ੫, ਪੰ:੧੨੯੯)

ਦਾ ਲਫਜ਼ੀ ਅਰਥ ਬਹੁਤ ਸੌਖਾ ਹੈ ਪਰ ਇਸ ਨੂੰ ਆਪਣੀ ਜੀਵਨ ਵਿਚ ਘਟਾਉਣਾ ਵਿਦਵਾਨਾਂ ਦੇ ਵੱਸ ਦੀ ਗੱਲ ਨਹੀਂ।

ਹਰੇਕ ਕਰਮ ਦਾ ਵੱਖਰਾ ਵੱਖਰਾ ਪ੍ਰਤੀਕਰਮ ਹੈ। ਬੰਦਾ ਦੁੱਖ ਵਿੱਚ ਦੁਖੀ ਤੇ ਸੁਖ ਵਿਚ ਸੁਖੀ ਹੁੰਦਾ ਹੈ, ਕ੍ਰੋਧ ਵਿੱਚ ਆਪਣੇ ਬੇਗਾਨੇ ਦੀ ਪਰਖ ਗਵਾ ਬਹਿੰਦਾ ਹੈ ਤੇ ਅਤਿਅੰਤ ਖੁਸ਼ੀ ਵਿੱਚ ਫੁੱਲਿਆ ਨਹੀਂ ਸਮਾਉਂਦਾ। ਏਹ ਸਾਧਾਰਨ ਜੀਵ ਦੀ ਅਵਸਥਾ ਹੈ ਤੇ ਪਸ਼ੂਆਂ ਦੀ ਅਵਸਥਾ ਤੋਂ ਉਚੀ ਨਹੀਂ। ਪਰ ਜੇ ਅਲੱਗ ਅਲੱਗ ਕਰਮਾਂ ਦਾ, ਵਿਸ਼ੇਸ਼ ਤੌਰ ਤੇ ਵਿਰੋਧੀ ਕਰਮਾਂ ਦਾ ਫੌਰੀ ਪ੍ਰਤੀਕਰਮ, ਗੁੱਸੇ-ਗਿਲੇ, ਕ੍ਰੋਧ-ਰਹਿਤ ਸਬਰ ਸੰਤੋਖ ਤੇ ਸ਼ਾਤੀ ਵਾਲਾ ਹੋਵੇ ਤਾਂ ਐਸਾ ਇਨਸਾਨ ਧੀਰਜਵਾਨ ਕਹਿਲਾਉਂਦਾ ਹੈ ਜਿਸ ਦੀ ਪਹੁੰਚ ਤੋਂ ਸਹਜ ਬਿਰਤੀ ਤੇ ਅਡੋਲਤਾ ਦੀ ਪਦਵੀ ਦੂਰ ਨਹੀਂ ਹੁੰਦੀ।

ਗੁਰਦੇਵ ਜੀ ਨੂੰ ਇਕੋ ਸਮੇਂ ਗੁਰੂ ਨਾਨਕ ਜੀ ਦੀ ਗੱਦੀ ਦੀ ਬਖਸ਼ਸ਼ ਹੁੰਦੀ ਹੈ, ਦੂਜੇ ਪਾਸੇ ਹਥਿਆਰਾਂ ਤੇ ਗੋਲੀਆਂ ਦਾ ਟਾਕਰਾ ਹੁੰਦਾ ਹੈ ਪਰ ਆਪ ਜੀ ਨੂੰ ਨ ਹਰਖ ਹੈ, ਨ ਸ਼ੋਕ ਹੈ, ਮਿਤ੍ਰ ਸਤ੍ਰ ਸਭ ਸਮਾਨ ਹਨ, ਨ ਆਸਾ ਹੈ ਨ ਸਹਸਾ ਹੈ। ਧਰਤੀ ਦਾ ਧੀਰਜ ਹਜ਼ੂਰ ਦੇ ਰਿਦੇ ਵਿਚ ਸਮਾਇਆ ਹੋਇਆ ਹੈ। ਧਰਤੀ ਨੂੰ ਕੋਈ ਤੇਜ਼ ਹਥਿਆਰਾਂ ਨਾਲ ਖੋਦੇ ਜਾਂ ਚੰਦਨ ਦਾ ਲੇਪਣ ਕਰੇ, ਉਸ ਦੀ ਬਿਰਤੀ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਉਹ ਤਾਂ ਸਦਾ ਨਿਰਲੇਪ ਰਹਿੰਦੀ ਹੈ। ਪੰਚਮ ਪਾਤਸ਼ਾਹ ਦਾ ਫੁਰਮਾਨ ਹੈ:-

ਬ੍ਰਹਮ ਗਿਆਨੀ ਕੈ ਧੀਰਜੁ ਏਕ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥ (ਸੁਖਮਨੀ ਸਾਹਿਬ)

ਗੁਰਦੇਵ ਜੀ ਬਖਸ਼ਸ਼ ਦੇ ਸਾਗਰ ਸਨ, ਰਹਿਮਤ ਦੇ ਬੱਦਲ ਸਨ। ਪਰਮ ਦ੍ਰਿਸਟੀ ਵਿਚੋਂ ਅੰਮ੍ਰਿਤ ਦੇ ਝਰਨੇ ਵਗਦੇ ਰਹਿੰਦੇ। ਮਨ ਏਨਾ ਨਿਰਮਲ ਤੇ ਪਵਿੱਤਰ ਸੀ ਕਿ ਕਿਸੇ ਦਾ ਬੁਰਾ ਹੋ ਹੀ ਨਹੀਂ ਸਕਦਾ ਸੀ।

ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥ ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥

ਹਜ਼ੂਰ ਦੀ ਨਿਮਰਤਾ ਵਿਚ ਨਿਰਬਲਤਾ ਨਹੀਂ, ਅਨੋਖੀ ਸ਼ਕਤੀ ਸੀ। ਨਿਰਬਲ ਤੋਂ ਕੋਈ ਨਹੀਂ ਡਰਦਾ, ਸਾਰੇ ਬਲਵਾਨ ਤੋਂ ਭੈ ਖਾਂਦੇ ਹਨ। ਮੁਗਲ ਬਾਦਸ਼ਾਹ ਡਰਾ ਨਹੀਂ ਸਕਿਆ ਤਾਂ ਡਰਨ ਲੱਗ ਪਿਆ। ਇਹ ਵੀ ਸੱਚ ਹੈ ਕਿ ਕਮਜ਼ੋਰ ਇਨਸਾਨ ਸ਼ਹੀਦ ਨਹੀਂ ਹੁੰਦਾ, ਉਹ ਮਰਦਾ ਹੈ। ਸ਼ਹਾਦਤ ਸੱਚੇ ਸੂਰਮੇ ਨੂੰ ਹੀ

(ਬਾਕੀ ਪੰਨਾ ੧੪ ਤੇ ...)



www.AKJ.Org

# ਗੁਰ-ਮਾਰੀ ਸਰਹਿੰਦ

(ਵਲੋਂ ਸ: ਸੇਵਾ ਸਿੰਘ ਸੇਵਕ.)

ਸੰਨ ੧੭੩੯ ਈਸਵੀ ਨੂੰ ਨਵਾਬ ਕਪੂਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਮਾਲਵੇ ਵਿਚ ਪੁਜਣ ਦੀ ਖ਼ਬਰ ਸੁਣ ਕੇ ਬਾਬਾ ਆਲਾ ਸਿੰਘ ਨੇ ਉਹਨਾਂ ਨੂੰ ਬੜੇ ਸਤਿਕਾਰ ਨਾਲ 'ਜੀ ਆਇਆਂ' ਆਖਿਆ ਅਤੇ ਠੀਕਰੀ ਵਾਲੇ ਉਤਾਰਾ ਕਰਵਾਇਆ। ਲੰਗਰ ਵਾਸਤੇ ਖੁਲ੍ਹੀਆਂ ਰਸਦਾਂ ਭੇਜ ਦਿਤੀਆਂ। ਬਹੁਤ ਸਾਰਾ ਦਸਵੰਧ ਜਮ੍ਹਾ ਹੋਇਆ ਸੀ, ਜੋ ਪੰਥ ਦੇ ਕੰਮਾਂ ਲਈ ਖ਼ਰਚ ਕਰਨ ਵਾਸਤੇ ਕਪੂਰ ਸਿੰਘ ਦੇ ਹਵਾਲੇ ਕੀਤਾ ਗਿਆ। ਭਾਦੋਂ ਦੀ ਸੰਗਰਾਂਦ ਵਾਲੇ ਦਿਨ ਬਾਬਾ ਆਲਾ ਸਿੰਘ ਨੇ ਆਪਣੇ ਸ਼ਾਹੀ ਮਕਾਨ ਵਿਚ ਅਖੰਡ ਪਾਠ ਦਾ ਭੋਗ ਪਵਾਇਆ ਤੇ ਕਪੂਰ ਸਿੰਘ ਜੀ ਦੀ ਜੱਥੇਦਾਰੀ ਹੇਠ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ। ਹਜ਼ਾਰਾਂ ਰੁਪਿਆਂ ਦੇ ਸ਼ਸਤਰ ਬਸਤਰ, ਘੋੜੇ, ਭਾਂਤ ਭਾਂਤ ਰੰਗਾਂ ਦੇ ਖੇਸ, ਲੁੰਗੀਆਂ ਅਤੇ ਰੇਸ਼ਮੀ ਦੁਸ਼ਾਲੇ ਜਥੇ ਦੀ ਭੇਟ ਕੀਤੇ। ਇਸ ਖ਼ੁਸ਼ੀ ਵਿਚ ਬਾਬਾ ਆਲਾ ਸਿੰਘ ਨੇ ਠੀਕਰੀ ਵਾਲੇ ਵਿਖੇ ਨਵਾਬ ਕਪੂਰ ਸਿੰਘ ਦੇ ਅਸਥਾਨ ਤੇ ਸਦੀਵੀ ਯਾਦਗਾਰ ਕਾਇਮ ਕਰਨ ਲਈ ਇਕ ਖੂਹ ਲਵਾਇਆ, ਜੋ ਅਜੇ ਤਕ ਕਾਇਮ ਹੈ। ਅੰਮ੍ਰਿਤ ਪਾਨ ਕਰਨ ਉਪਰੰਤ ਨਵਾਬ ਕਪੂਰ ਸਿੰਘ ਦੇ ਬੁੱਢੇ ਦਲ ਦੀ ਸਹਾਇਤਾ ਨਾਲ ਆਲਾ ਸਿੰਘ ਨੇ ਰਿਆਸਤ ਪਟਿਆਲਾ ਤੇ ਨਾਲ ਲਗਵੇਂ ਮੁਸਲਿਮ ਰਈਸਾਂ ਦੇ ਇਲਾਕੇ ਆਪਣੇ ਤਹਿਤ ਵਿਚ ਲੈ ਆਂਦੇ। ਇਹ ਰਈਸ ਪਟਿਆਲਾ ਰਿਆਸਤ ਦਾ ਅਮਨ ਭੰਗ ਕਰਦੇ ਰਹਿੰਦੇ ਸਨ। ਫਿਰ ਬਾਬਾ ਆਲਾ ਸਿੰਘ ਦੇ ਕਹਿਣ ਉਤੇ ਸਰਹਿੰਦ ਦੀ ਨਿਰਦਈ ਹਕੂਮਤ ਨੂੰ ਸੋਧਣ ਦਾ ਪ੍ਰੋਗਰਾਮ ਬਣਾਇਆ ਗਿਆ।

ਭਾਰਤ ਦੇ ਮੁਸਲਿਮ ਇਤਿਹਾਸ ਵਿਚ ਸਰਹਿੰਦ ਸ਼ਹਿਰ ਵਿਸ਼ੇਸ਼ ਮਹਾਨਤਾ ਰਖਦਾ ਸੀ। ਫ਼ੀਰੋਜ਼ ਸ਼ਾਹ ਤੁਗ਼ਲਕ ਨੇ ਇਸ ਸ਼ਹਿਰ ਨੂੰ ਬੜੀ ਰੌਣਕ ਦਿਤੀ ਸੀ। ਮੁਗ਼ਲ ਰਾਜ ਸਮੇਂ ਵੀ ਅਕਬਰ ਵਰਗੇ ਮਸ਼ਹੂਰ ਸ਼ਹਿਨਸ਼ਾਹ ਗਰਮੀਆਂ ਵਿਚ ਕਸ਼ਮੀਰੋਂ ਮੁੜਦੇ ਹੋਏ ਇਥੇ ਠਹਿਰਦੇ ਹੁੰਦੇ ਸਨ। ਇਹ ਇਕ ਵੱਖਰਾ ਸੂਬਾ ਹੁੰਦਾ ਸੀ ਅਤੇ ਇਸ ਦੇ ਅਧੀਨ ੨੨ ਪਰਗਨੇ ਹੁੰਦੇ ਸਨ। ਇਥੇ ਹੀ ਵਜ਼ੀਰ ਖ਼ਾਨ ਨੇ ਕਲਗੀਧਰ ਦੇ ਦੋ ਮਸੂਮ ਸਾਹਿਬਜ਼ਾਦੇ ਨੀਹਾਂ 'ਵਿਚ ਚਿਣਾਏ ਸਨ। ਉਸ ਦਿਨ ਤੋਂ ਪਿਛੋਂ ਸਿੰਘ ਸਰਹਿੰਦ ਨੂੰ "ਗੁਰੂ-ਮਾਰੀ ਸਰਹਿੰਦ" ਕਹਿਣ ਲਗ ਪਏ ਸਨ। ਹਰੇਕ ਸਿੰਘ ਨੂੰ ਇਸ ਟਿਕਾਣੇ ਤੋਂ ਇਤਨੀ ਘਿਰਣਾ ਸੀ ਕਿ ਜਦ ਵੀ ਖ਼ਾਲਸੇ ਦਾ ਕੋਈ ਜੱਥਾ ਇਸ ਦੇ ਆਸੇ ਪਾਸੇ ਤੋਂ ਗੁਜ਼ਰਦਾ ਅਤੇ ਸਰਹਿੰਦ ਦਾ ਨਾਮ ਸੁਣਦਾ ਤਾਂ ਸਿੰਘਾਂ ਦੇ ਚਿਹਰੇ ਗੁੱਸੇ ਨਾਲ ਲਾਲ ਹੋ ਜਾਂਦੇ, ਉਹਨਾਂ ਦੀਆਂ ਭਵਾਂ ਤਣ ਜਾਂਦੀਆਂ। ਉਹ ਆਪਣਾ ਰਾਹ ਛਡ ਦਿੰਦੇ ਤੇ ਸਰਹਿੰਦ ਵਲ ਮੂੰਹ ਕਰ ਲੈਂਦੇ। ਉਹ ਜ਼ਖਮੀ ਸ਼ੇਰਾਂ ਵਾਂਗ ਸਰਹਿੰਦ ਦੇ ਖੋਲਿਆਂ ਉਤੇ ਪੈਂਦੇ ਤੇ ਉਸ ਦੀਆਂ ਰਹਿੰਦੀਆਂ ਖੂੰਦੀਆਂ ਇੱਟਾਂ ਪੁੱਟ ਕੇ ਨਾਲ ਵਗਦੀ ਨਦੀ ਵਿਚ ਸੁਟਦੇ ਤਾਂ ਇਉਂ ਆਪਣਾ ਗੁੱਸਾ ਮੱਠਾ ਕਰਦੇ। ਇਸ ਤਰ੍ਹਾਂ ਗੁਰੂ ਮਾਰੀ ਸਰਹਿੰਦ ਨੂੰ ਥੋੜੇ ਥੋੜੇ ਵਕਫ਼ੇ ਪਿਛੋਂ ਮਾਰ ਪੈਂਦੀ ਰਹਿੰਦੀ।

੧੭੧੦ ਈ: ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਇਸੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਸੀ ਤੇ ਚੌ-ਬਲਦਾ ਸੁਹਾਗਾ ਫੇਰਿਆ ਸੀ। ਹੁਣ ਸਰਹਿੰਦ ਉਤੇ ਨਵਾਬ ਕਪੂਰ ਸਿੰਘ ਦੇ ਹੁਕਮ ਨਾਲ ਖਾਲਸਾ ਦਲ ਟੁੱਟ ਪਿਆ। ਤੁਰਕੀ ਫ਼ੌਜ ਮੈਦਾਨ ਛੱਡ ਕੇ ਭੱਜ ਗਈ ਤੇ ਖ਼ਾਲਸਾ ਦਲ ਵਿਜੇ ਦਾ ਝੰਡਾ ਲੈ ਕੇ ਸ਼ਾਹੀ ਖ਼ਜ਼ਾਨੇ ਉਤੇ ਜਾ ਪਿਆ। ਲੱਖਾਂ ਰੁਪਏ ਜੋ ਦਿਲੀ ਭੇਜਣ ਲਈ ਇਨ੍ਹਾਂ ਨੇ ਗਰੀਬਾਂ ਉਤੇ ਅਤਿਆਚਾਰ ਕਰ ਕੇ ਆਪਣੇ ਖਜਾਨੇ ਭਰੇ ਹੋਏ ਸਨ, ਲੁੱਟ ਲਏ ਗਏ। ਬਹੁਤ ਸਾਰੇ ਚੰਗੇ ਘੋੜੇ ਤੇ ਹਥਿਆਰ ਖ਼ਾਲਸੇ ਦੇ ਹੱਥ ਲਗੇ। ਕਈ ਦਿਨ ਉਥੇ ਠਹਿਰਨ ਤੋਂ ਬਾਅਦ ਖ਼ਾਲਸਾ ਦਲ ਨੇ ਸਰਹਿੰਦ ਦਾ ਰਾਜ ਬਾਬਾ ਆਲਾ ਸਿੰਘ ਦੇ ਸਪੁਰਦ ਕਰ ਕੇ ਕੂਚ ਕਰ ਦਿਤਾ।

ਸਰਹਿੰਦ ਤੋਂ ਚਲ ਕੇ ਕਪੂਰ ਸਿੰਘ ਦੀ ਅਗਵਾਈ ਹੇਠ ਬੁਢੇ ਦਲ ਨੇ ਦਰਿਆ ਬਿਆਸ ਪਾਰ ਕਰ ਕੇ, ਸ੍ਰੀ ਗੋਇੰਦਵਾਲ ਤੇ ਸ੍ਰੀ ਤਰਨ ਤਾਰਨ ਦੇ ਇਸ਼ਨਾਨ ਕਰ ਕੇ, ਬਾਸਰਕੇ ਬੀੜ ਵਿਚ ਜਾ ਡੇਰਾ ਲਾਇਆ। ਬੁਢੇ ਦਲ ਨੂੰ ਬੀੜ ਵਿਚ ਅਜੇ ਟਿਕਿਆਂ ਦੋ ਹੀ ਦਿਨ ਹੋਏ ਸਨ ਕਿ ਲਾਹੌਰ ਦੀ ਸ਼ਾਹੀ ਫ਼ੌਜ ਨੇ ਸੱਤ



www.AKJ.Org

ਹਜ਼ਾਰ ਦੀ ਗਿਣਤੀ ਨਾਲ ਬੀੜ ਦਾ ਘੇਰਾ ਘੱਤ ਲਿਆ। ਖ਼ਾਨ ਬਹਾਦਰ ਨੂੰ ਸਰਹਿੰਦ ਦੇ ਉਜਾੜੇ ਦਾ ਦੁਖ ਸੀ। ਉਸ ਨੂੰ ਵੀ ਪਤਾ ਲਗ ਗਿਆ ਸੀ ਕਿ ਸਰਹਿੰਦ ਦਾ ਖ਼ਜ਼ਾਨਾ ਅਜੇ ਖ਼ਾਲਸੇ ਦੇ ਪਾਸ ਉਸ ਤਰ੍ਹਾਂ ਪਿਆ ਹੈ। ਸ਼ਾਹੀ ਫ਼ੌਜ ਦੀ ਅਗਵਾਈ ਕਰਨ ਲਈ ਹੈਬਤ ਖਾਂ, ਦੀਵਾਨ ਲਖਪਤ ਰਾਏ, ਸਲਾਬਤ ਖਾਂ ਅਤੇ ਕੁਤਬਦੀਨ ਖ਼ਾਨ ਆਦਿ ਜਰਨਲ ਮੁਕੱਰਰ ਕੀਤੇ ਗਏ। ਸੱਤ ਹਜ਼ਾਰ ਦੀ ਗਿਣਤੀ ਨੇ ਖ਼ਾਲਸੇ ਨੂੰ ਸੱਜੇ ਖਬੇ ਤੋਂ ਘੇਰ ਲਿਆ। ਫ਼ੌਜ ਦੇ ਪਹੁੰਚਣ ਸਾਰ ਕਪੂਰ ਸਿੰਘ ਨੇ ਬੁੱਢਾ ਦਲ ਦੇ ਦੋ ਹਿੱਸੇ ਕਰ ਦਿਤੇ। ਅਧੇ ਸਿੰਘ ਤਾਂ ਡਟ ਕੇ ਟਾਕਰਾ ਕਰਦੇ ਰਹੇ ਤੇ ਅਧੇ ਰਾਤ ਦੇ ਹਨੇਰੇ ਵਿਚ ਖ਼ਜ਼ਾਨਾ ਸਮੇਟ ਕੇ ਨੀਯਤ ਕੀਤੀ ਥਾਂ ਪੁਰ ਲੈ ਗਏ। ਖ਼ਜ਼ਾਨੇ ਨੂੰ ਲੈ ਜਾਣ ਦਾ ਕੰਮ ਜੱਸਾ ਸਿੰਘ ਆਹਲੂਵਾਲੀਏ ਨੇ ਕੀਤਾ। ਨਵਾਬ ਕਪੂਰ ਸਿੰਘ ਨੇ ਅੱਧੀ ਰਾਤ ਤਕ ਵੈਰੀ ਨੂੰ ਚੰਗੀ ਤਰ੍ਹਾਂ ਰੁਝੇਵੇਂ ਵਿਚ ਰਖਿਆ। ਜਦ ਉਨ੍ਹਾਂ ਸਮਝਿਆ ਕਿ ਹੁਣ ਖ਼ਜ਼ਾਨਾ ਕਾਫ਼ੀ ਦੂਰ ਚਲਾ ਗਿਆ ਹੋਵੇਗਾ ਤਾਂ ਹੌਲੀ ਹੌਲੀ ਖ਼ਾਲਸੇ ਨੇ ਯੁੱਧ-ਨੀਤੀ ਅਨੁਸਾਰ ਪਿਛਾਂਹ ਹਟਣਾ ਸ਼ੁਰੂ ਕਰ ਦਿਤਾ। ਵੈਰੀ ਨੇ ਅਗਾਂਹ ਵਧ ਕੇ ਹਮਲਾ ਕਰ ਦਿਤਾ। ਪਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਇਸ ਯੁੱਧ ਵਿਚ ਸਲਾਬਤ ਖ਼ਾਨ, ਕੁਤਬਦੀਨ ਖ਼ਾਂ ਤੇ ਅਬੁਦਲ ਸਯੱਦ ਦਾ ਜਵਾਈ ਮਾਰੇ ਗਏ। ਇਨ੍ਹਾਂ ਜਰਨੈਲਾਂ ਦੀ ਮੌਤ ਹੋਣ ਨਾਲ ਸ਼ਾਹੀ ਫ਼ੌਜ ਬੇ-ਹੌਸਲਾ ਹੋ ਕੇ ਮੈਦਾਨ ਵਿਚੋਂ ਖਿਸਕਣ ਲਗੀ ਤੇ ਖ਼ਾਲਸਾ ਤਿਤਰ ਬਿਤਰ ਹੋ ਗਿਆ।

ਗੁਰੂ ਜੀ ਦੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲਿਆਂ ਦੀ ਸਰਹਿੰਦ ਤਾਂ ਥੋਲੇ ਥੋਲੇ ਹੋ ਗਈ ਪਰ ਸਾਹਿਬਜ਼ਾਦਿਆਂ ਦੀ ਯਾਦ ਵਿਚ ਗੁਰਦਵਾਰਾ ਫ਼ਤਿਹਗੜ੍ਹ ਸਾਹਿਬ ਦੇ ਝੂਲਦੇ ਨਿਸ਼ਾਨ ਸਾਹਿਬ ਮੀਲਾਂ ਤੋਂ ਦਿਖਾਈ ਦੇ ਰਹੇ ਹਨ।

---

(ਪੰਨਾ ੧੨ ਦਾ ਬਾਕੀ ...) ਗੁਰੂ ਤੇਗ ਬਹਾਦਰ ਸਾਹਿਬ- - -

ਸ਼ੋਭਦੀ ਹੈ, ਸਚਾ ਸੂਰਮਾ ਹੀ ਬਲੀਦਾਨ ਦਾ ਅਧਿਕਾਰੀ ਹੈ। ਬੁਜ਼ਦਿਲ ਆਪਣੀ ਜ਼ਿੰਦਗੀ ਵਿਚ ਕਈ ਵਾਰ ਮਰਦਾ ਹੈ, ਦੂਸਰੇ ਸ਼ਬਦਾਂ ਵਿਚ ਉਹ ਤੁਰਦੀ ਫਿਰਦੀ ਲਾਸ਼ ਹੈ। ਸੱਚਾ ਸ਼ਹੀਦ ਦੂਸਰੇ ਲਈ ਜਿਉਂਦਾ ਹੈ, ਤੇ ਦੂਸਰੇ ਲਈ ਹੀ ਮਰਦਾ ਹੈ। ਆਪਣੇ ਹਿੱਤ ਦੀ ਉਸ ਨੂੰ ਰੱਤੀ ਪਰਵਾਹ ਨਹੀਂ, ਕਿਉਂਕਿ ਉਹ ਖੁਦਗਰਜ਼ ਨਹੀਂ ਹੈ। ਗੁਰਦੇਵ ਜੀ ਦੀ ਸੱਚੀ ਸੂਰਮਗਤੀ ਕੌਤਕਮਈ ਤੇ ਨਿਰਾਲੀ ਸੀ ਕਿਉਂਕਿ ਇਸ ਵਿਚ ਤਿਆਗ ਦੀ ਭਾਵਨਾ ਤੇ ਕੁਰਬਾਨੀ ਦਾ ਜਜ਼ਬਾ ਰਹਿਆ ਹੋਇਆ ਸੀ। ਕੋਈ ਦੁਖਿਆਰਾ ਦਰ ਤੇ ਆਇਆ ਖਾਲੀ ਨਹੀਂ ਗਿਆ। ਪਰਉਪਕਾਰ ਕਰਨ ਤੇ ਕਸ਼ਟ ਨਿਵਾਰਨ ਲਈ ਹੀ ਆਪਣਾ ਜੀਵਨ ਦਾਅ ਤੇ ਲਾਇਆ ਸੀ। ਇਸ ਵਾਸਤਵ ਵਿਚ ਬੇਗਰਜ਼ ਸੂਰਮਗਤੀ ਦੀ ਕਸੌਟੀ ਸੀ, ਪਛਾਣ ਸੀ।

ਮਹਾਨ ਤਿਆਗੀ ਸਤਿਗੁਰ ਦੀ ਇਕੋ ਇਕ ਸੰਪਤੀ ਨਾਮ ਦਾ ਖਜ਼ਾਨਾ ਸੀ। ਇਹ ਜੁਗਹ ਜੁਗੰਤਰ ਤਕ ਆਪਣੀ ਕਲਾ ਵਰਤਾਉਣ ਵਾਲੀ ਸ਼ਕਤੀ ਹੈ। ਨਾਮ-ਬਲ ਦੇ ਸਿਵਾਏ ਹੋਰ ਜਿੰਨੀਆਂ ਵੀ ਸ਼ਕਤੀਆਂ ਹਨ, ਉਹ ਤੋੜਦੀਆਂ ਹਨ, ਜੋੜਦੀਆਂ ਨਹੀਂ, ਡੇਗਦੀਆਂ ਹਨ, ਉਠਾਉਂਦੀਆਂ ਨਹੀਂ, ਵਿਛੋੜਦੀਆਂ ਹਨ ਮੇਲਦੀਆਂ ਨਹੀਂ। ਦੁਨੀਆਂ ਏਨੀ ਭੋਲੀ ਭਾਲੀ ਤੇ ਮੂਰਖ ਹੈ ਕਿ ਇਹ ਕਈ ਵਾਰੀ ਮੁੱਢ ਨੂੰ ਹੀ ਤੱਕਦੀ ਹੈ, ਅੰਤ ਨੂੰ ਨਹੀਂ। ਆਪ ਜੀ ਦੇ ਜੀਵਨ ਦਾ ਮਨੋਰਥ ਹੀ ਟੁੱਟਿਆ ਨੂੰ ਗੰਢਣ ਦਾ ਸੀ। ਰੱਬ ਤੋਂ ਭੁੱਲਿਆਂ ਨੂੰ ਮਾਰਗ ਦਿਖਾਉਣ ਦਾ, ਧਰਮ ਤੋਂ ਪਤਿਤ ਹੁੰਦੇ ਜਾ ਰਹੇ ਜੀਵਾਂ ਦਾ ਧਰਮ ਬਚਾਉਣ ਦਾ, ਸੰਸਾਰਕ ਤੇ ਅਧਿਆਤਮਕ ਧਨ-ਹੀਨਾਂ ਨੂੰ ਨੌ ਨਿਧਿ ਨਾਮ ਦਾ ਭੰਡਾਰ ਬਖਸ਼ਣ ਦਾ, ਮੈਂ-ਮੇਰੀ ਦੇ ਮਦ ਵਿਚ ਗਲਤਾਨ ਰਾਜਿਆਂ ਦੇ ਮਨਾਂ ਤੇ ਤਨਾਂ ਨੂੰ ਜੋੜਨ ਤੇ ਨੇੜੇ ਲਿਆਉਣ ਦਾ, ਕਾਇਰਾਂ ਦਾ ਖੁੱਸਿਆਂ ਮਨੋ-ਬਾਲ ਵਾਪਸ ਲਿਆਉਣ ਦਾ, ਡਰਪੋਕਾਂ ਨੂੰ ਨਿਡਰਤਾ ਦੇ ਜਜ਼ਬੇ ਨਾਲ ਮਾਲੋ-ਮਾਲ ਕਰਨ ਦਾ ਤੇ ਢਹਿੰਦੀ ਕਲਾ ਵਿਚ ਨਿੱਘਰਦੇ ਪ੍ਰਾਣੀਆਂ ਨੂੰ ਚੜ੍ਹਦੀ ਕਲਾ ਦੇ ਮੰਡਲ ਤਕ ਪਹੁੰਚਾਉਣ ਦਾ ਐਸਾ ਨਿਵੇਕਲਾ ਪਰਉਪਕਾਰ ਸੀ ਜਿਸ ਦੀ ਉਦਾਹਰਣ ਦੇਣੀ ਬਹੁਤ ਔਖੀ ਹੈ। ਜਿਸ ਜੀਵ ਜਾਂ ਪੰਥ ਤੇ ਐਸੇ ਮਿਹਰਵਾਨ ਸਤਿਗੁਰ ਦੀ ਨਦਰਿ ਰਹਿਮਤ ਹੋਵੇ, ਉਸ ਦੇ ਹਿਰਦੇ ਵਿੱਚ ਨਿਰਾਸਤਾ, ਨਿਰਬਲਤਾ, ਦਲਿੱਦਰਪੁਣਾ ਤੇ ਢਹਿੰਦੀ ਕਲਾ ਦਾ ਪਰਛਾਵਾਂ ਵੀ ਪੈ ਨਹੀਂ ਸਕਦਾ। ▪▪▪▪


www.AKJ.Org

# ਕੀਨੋ ਬਡੋ ਕਲੂ ਮਹਿ ਸਾਕਾ

(ਵਲੋਂ– ਡਾ: ਜਸਵੰਤ ਸਿੰਘ ਜੀ 'ਜਸ', ਐਮ. ਏ. ਪੀ. ਐਚ.ਡੀ.)

ਸੰਸਾਰ ਵਿਚ ਆਪਣੇ ਧਰਮ ਦੀ ਰਖਿਆ ਖ਼ਾਤਰ ਤਾਂ ਬਹੁਤ ਪੁਰਸ਼ ਸ਼ਹੀਦ ਹੋਏ ਹਨ, ਪਰ ਪਰਾਏ ਧਰਮ ਦੀ ਰਖਿਆ ਖ਼ਾਤਰ ਆਪਾ ਕੁਰਬਾਨ ਕਰਨ ਦੀ ਮਿਸਾਲ ਗੁਰੂ ਤੇਗ ਬਹਾਦਰ ਜੀ ਤੋਂ ਬਿਨਾਂ ਕੋਈ ਨਹੀਂ ਮਿਲਦੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਜ਼ਿਕਰ ਇਉਂ ਕੀਤਾ ਹੈ:–

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ। ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨਿ ਹੇਤਿ ਇਤੀ ਜਿਨਿ ਕਰੀ। ਸੀਸੁ ਦੀਆ ਪਰ ਸੀ ਨ ਉਚਰੀ।
ਧਰਮ ਹੇਤ ਸਾਕਾ ਜਿਨਿ ਕੀਆ। ਸੀਸੁ ਦੀਆ ਪਰ ਸਿਰਰੁ ਨ ਦੀਆ। (ਬਚਿੱਤ੍ਰ ਨਾਟਕ)

ਸਪੱਸ਼ਟ ਹੈ ਕਿ ਗੁਰੂ ਹਰਿ ਗੋਬਿੰਦ ਸਾਹਿਬ ਤੋਂ ਪਿਛੋਂ ਗੁਰੂ ਹਰਿ ਰਾਏ ਸਾਹਿਬ ਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਸਮੇਂ ਮੁਗਲ ਹਕੂਮਤ ਨਾਲ ਕੋਈ ਟੱਕਰ ਨਹੀਂ ਸੀ ਹੋਈ। ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਗੁਰਿਆਈ ਦੇ ਸਮੇਂ ਵਿਚ ਮਾਲਵਾ ਦੇਸ਼ ਤੇ ਉਤਰੀ ਭਾਰਤ ਦਾ ਦੌਰਾ ਕਰ ਕੇ ਪਹਿਲੇ ਗੁਰੂ ਸਾਹਿਬਾਂ ਦੀ ਬਾਣੀ ਦੁਆਰਾ ਪਰਚਾਰ ਕਰਨ ਵੱਲ ਹੀ ਧਿਆਨ ਦਿਤਾ। ਆਪ ਦੇ ਪਰਚਾਰ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਸੀ, ਸਗੋਂ ਕਈ ਰਾਜੇ ਆਪ ਦੀ ਗੌਰਵਤਾ ਨੂੰ ਮੰਨ ਕੇ ਆਪ ਜੀ ਦੇ ਕੀਤੇ ਹੋਏ ਫ਼ੈਸਲਿਆਂ ਅਨੁਸਾਰ ਪ੍ਰਸਪਰ ਲੜਾਈ ਝਗੜੇ ਤੇ ਵਿਰੋਧ ਮਿਟਾ ਦੇਂਦੇ ਸਨ। ਗੁਰੂ ਜੀ ਦੀ ਸ਼ਹੀਦੀ ਦਾ ਕਾਰਨ ਕੇਵਲ ਔਰੰਗਜ਼ੇਬ ਵਲੋਂ ਹਿੰਦੂ ਧਰਮ ਨੂੰ ਮੇਟਣ ਵਾਲੀ ਪਾਲਿਸੀ ਹੀ ਬਣੀ।

ਜਿਵੇਂ ਕਿ ਇਤਿਹਾਸ ਤੋਂ ਪਤਾ ਲੱਗਦਾ ਹੈ, ਬਾਦਸ਼ਾਹ ਔਰੰਗਜ਼ੇਬ ਪਰਹੇਜ਼ਗਾਰੀ ਆਦਿ ਕਈ ਚੰਗੇ ਗੁਣ ਰਖਣ ਦੇ ਬਾਵਜੂਦ ਬੜਾ ਕੱਟੜ ਤੇ ਤਅੱਸਬੀ ਮੁਸਲਮਾਨ ਸੀ ਅਤੇ ਉਸ ਦੇ ਕੱਟੜ ਹੋਣ ਦਾ ਸਿੱਧਾ ਅਸਰ ਹਿੰਦੂ ਜਾਤੀ ਉਤੇ ਪੈ ਰ੍ਹਿਆ ਸੀ। ਗੁਰੂ ਸਾਹਿਬਾਨ ਦਾ ਪਰਚਾਰ, ਦਿਖਾਵੇ ਦੀਆਂ ਧਾਰਮਿਕ ਰਸਮਾਂ ਤੇ ਕਰਮ ਕਾਂਡ ਦੇ ਵਿਰੁੱਧ ਸੀ। ਇਹ ਪਰਚਾਰ ਨਿਰੋਲ ਸਚਾਈ ਉਤੇ ਨਿਰਭਰ ਤੇ ਸੁਲਾਹਕੁਲ ਢੰਗ ਦਾ ਸੀ। ਔਰੰਗਜ਼ੇਬ ਨੂੰ ਕਰਮ-ਕਾਂਡੀ ਬ੍ਰਹੱਮਣ ਬੜੇ ਰੜਕਦੇ ਸਨ। ਇਸੇ ਲਈ ਉਸ ਨੇ ਹਿੰਦੂਆਂ ਦੇ ਮੱਥੇ ਤੇ ਲਗੇ ਤਿਲਕਾਂ ਨੂੰ ਮੇਟਣ ਤੇ ਗਲ ਵਿਚ ਪਏ ਹੋਏ ਜੰਞੂਆਂ ਨੂੰ ਸਮੇਟਣ ਲਈ ਇਕ ਤਕੜੀ ਮੁਹਿੰਮ ਭਾਰਤ ਦੇ ਅਡ ਅਡ ਹਿਸਿਆਂ ਵਿਚ ਚਲਾਈ ਹੋਈ ਸੀ। ਜਿਉਂ ਜਿਉਂ ਆਪਣੀ ਇਖ਼ਲਾਕੀ ਕਮਜ਼ੋਰੀ ਕਾਰਨ ਭਾਰਤ ਦੇ ਹਿੰਦੂ ਆਪਣਾ ਧਰਮ ਛਡ ਕੇ ਮੁਸਲਮਾਨ ਬਣਦੇ ਜਾਂਦੇ ਸਨ, ਤਿਉਂ ਤਿਉਂ ਔਰੰਗਜ਼ੇਬ ਦਾ ਹੌਸਲਾਂ ਵਧਦਾ ਜਾਂਦਾ ਸੀ ਤੇ ਉਹ ਮੁਹਿੰਮ ਨੂੰ ਵਧੇਰੇ ਤੇਜ਼ ਕਰੀ ਜਾ ਰਿਹਾ ਸੀ।

ਇਸ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਸਰਬ ਸੰਸਾਰਕ ਤੇ ਸਰਬ ਸਾਂਝੇ ਸੁਲਾਹਕੁਲ ਮਿਸ਼ਨ ਲਈ ਆਸਾਮ ਵਿਚ ਗਏ ਹੋਏ ਸਨ। ਜਦ ਉਹਨਾਂ ਨੂੰ ਹਿੰਦੂਆਂ ਉਤੇ ਹੋ ਰਹੇ ਨਿੱਤ ਦੇ ਜ਼ੁਲਮਾਂ ਦੀ ਖ਼ਬਰ ਪੁਜੀ ਤਾਂ ਆਪ ਝਟ ਪਟ ਪੰਜਾਬ ਵਾਪਸ ਆਉਣ ਲਈ ਤਿਆਰ ਹੋ ਗਏ। ਇਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪਟਨੇ ਵਿਖੇ ਹੋ ਚੁਕਾ ਸੀ ਤੇ ਪਿਤਾ ਗੁਰੂ ਜੀ ਵਲੋਂ ਪੁਜ ਰਹੀਆਂ ਹਦਾਇਤਾਂ ਦੇ ਮੁਤਾਬਿਕ ਬਾਲਕ ਗੋਬਿੰਦ ਰਾਏ ਜੀ ਨੂੰ ਫ਼ੌਜ-ਕਸ਼ੀ, ਤੀਰ-ਅੰਦਾਜ਼ੀ ਤੇ ਜੰਗੀ ਮਸ਼ਕਾਂ ਆਦਿ ਦੀ ਸਿਖਿਆ ਦਿਤੀ ਜਾ ਰਹੀ ਸੀ।

ਨੌਵੇਂ ਗੁਰੂ ਜੀ ਦੇ ਅਨੰਦਪੁਰ ਪੁਜਣ ਤੇ ਕਸ਼ਮੀਰੀ ਬ੍ਰਾਹਮਣਾਂ ਦੇ ਪ੍ਰਤੀਨਿਧ, ਸਤਿਗੁਰੂ ਜੀ ਪਾਸ ਪੁਜੇ ਤੇ ਹਿੰਦੂ ਧਰਮ ਅਥਵਾ ਤਿਲਕ ਜੰਞੂ ਦੀ ਰਖਿਆ ਲਈ ਸਹਾਇਤਾ ਵਾਸਤੇ ਬੇਨਤੀ ਕੀਤੀ। ਗੁਰੂ ਜੀ ਨੇ ਉਹਨਾਂ ਪੰਡਤਾਂ ਨੂੰ ਕੁਰਬਾਨੀ ਕਰਨ ਲਈ ਪਰੇਰਿਆ, ਪਰ ਉਹਨਾਂ ਦੀ ਅਵਸਥਾ ਇੰਨੀ ਕਮਜ਼ੋਰ ਹੋ ਚੁਕੀ ਸੀ ਕਿ ਉਹਨਾਂ ਨੇ ਆਪਣੇ ਧਰਮ ਅਥਵਾ ਧਾਰਮਕ ਚਿੰਨ੍ਹਾਂ ਦੀ ਰਖਿਆ ਕਰਨ ਤੋਂ ਅਸਮਰਥਾ ਪਰਗਟ



www.AKJ.Org

ਕੀਤੀ। ਉਹਨਾਂ ਬ੍ਰਾਹਮਣਾਂ ਨੇ ਉਹਨਾਂ ਦੇਵੀ ਦੇਵਤਿਆਂ ਅਥਵਾ ਪੀਰਾਂ ਫ਼ਕੀਰਾਂ ਨੂੰ ਵੀ ਅਜ਼ਮਾ ਲਿਆ ਹੋਇਆ ਸੀ ਜਿਨ੍ਹਾਂ ਦੀ ਪੂਜਾ ਅਰਾਧਨਾ ਉਹ ਸਾਰੀ ਉਮਰ ਕਰਦੇ ਰਹੇ ਸਨ। ਕਿਸੇ ਨੇ ਵੀ ਉਹਨਾਂ ਦੀ ਬਾਉੜੀ ਨਾ ਸੀ ਕੀਤੀ। ਹਾਰ ਹੁੱਟ ਕੇ ਉਹਨਾਂ ਨੇ ਅਨੰਦਪੁਰ ਸ਼ਹਿਰ ਦੀ ਰਾਹ ਫੜੀ ਸੀ। ਗੁਰੂ ਜੀ ਨੇ ਹਿੰਦੂ ਧਰਮ ਉਤੇ ਆਈ ਸਾਰੀ ਸਾੜ੍ਹਸਤੀ ਰੋਕਣ ਦਾ ਇਕੋ ਇਕ ਇਲਾਜ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਦਸਿਆ। ਉਹਨਾਂ ਦਾ ਇਸ਼ਾਰਾ ਉਹਨਾਂ ਬ੍ਰਾਹਮਣਾਂ ਵਲ ਸੀ ਜੋ ਆਪਣੀਆਂ ਜ਼ਾਤੀ ਗ਼ਰਜ਼ਾਂ ਪੂਰਨ ਕਰਨ ਖ਼ਾਤਰ ਹਿੰਦੂ ਜਾਤੀ ਵਿਚ ਵਰਣ-ਆਸ਼ਰਮ ਦੀ ਜਾਤੀ ਵੰਡ ਪਾ ਕੇ, ਆਪ ਉਹਨਾਂ ਦੇ ਪੂਜਨੀਕ ਆਗੂ ਤੇ ਮਹਾਂਪੁਰਸ਼ ਬਣੇ ਹੋਏ ਸਨ। ਗੁਰੂ ਜੀ ਦੀ ਇਸ ਤਜਵੀਜ਼ ਤੋਂ ਉਹ ਕਾਇਰ ਹੋ ਚੁਕੇ ਬ੍ਰਾਹਮਣ ਕੰਬ ਗਏ ਤੇ ਉਹਨਾਂ ਨੇ ਗੁਰੂ ਤੇਗ ਬਹਾਦਰ ਜੀ ਪਾਸ ਬੇਨਤੀ ਕੀਤੀ ਕਿ ਉਹ ਆਪ ਹੀ ਆਪਣਾ ਬਲੀਦਾਨ ਦੇ ਕੇ ਤਿਲਕ ਜੰਞੂ ਦੀ ਰਖਿਆ ਕਰਨ। ਸਤਿਗੁਰੂ ਜੀ ਨੂੰ ਇਹਨਾਂ ਧਾਰਮਕ ਆਗੂਆਂ ਦੀਆਂ ਖ਼ੁਦਗਰਜ਼ੀਆਂ ਤੇ ਕਮਜ਼ੋਰੀਆਂ ਉਤੇ ਤਰਸ ਆਇਆ ਅਤੇ ਆਪ ਨੇ ਆਪਣੇ ਸਰੀਰ ਦੀ ਅਹੂਤੀ ਦੇਣ ਦਾ ਫ਼ੈਸਲਾ ਕਰ ਲਿਆ। ਬਾਲਕ ਗੋਬਿੰਦ ਰਾਏ ਜੀ ਇਸ ਸਮੇਂ ਨੌਆਂ ਸਾਲਾਂ ਦੇ ਸਨ। ਉਹਨਾਂ ਨੂੰ ਗੁਰਿਆਈ ਦੀ ਭਾਰੀ ਜ਼ਿਮੇਵਾਰੀ ਸੌਂਪਣ ਤੋਂ ਪਹਿਲਾਂ, ਆਪ ਉਹਨਾਂ ਦੀ ਪਰਖ ਕਰਨੀ ਚਾਹੁੰਦੇ ਸਨ। ਗੁਰੂ ਜੀ ਨੇ ਬ੍ਰਾਹਮਣਾਂ ਦੀ ਨਿਮਾਣੀ ਤੇ ਨਿਤਾਣੀ ਅਵਸਥਾ ਦਾ ਵਰਨਣ ਕਰਦਿਆਂ ਹੋਇਆਂ ਉਹਨਾਂ ਦੇ ਇਸ ਕਸ਼ਟ ਨਿਵਾਰਨ ਦਾ ਇਲਾਜ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਦਸਿਆ। ਬਾਲਕ ਗੋਬਿੰਦ ਰਾਇ ਜੀ ਨੇ ਹੱਥ ਜੋੜ ਕੇ ਕਿਹਾ ਕਿ, 'ਆਪ ਨਾਲੋਂ ਵਡਾ ਮਹਾਂ ਪੁਰਖ ਹੋਰ ਕੌਣ ਹੋ ਸਕਦਾ ਹੈ ਜੋ ਦੀਨ ਦੁਖੀ ਦਾ ਕਸ਼ਟ ਨਵਿਰਤ ਕਰ ਸਕੇ।'

ਬਸ, ਗੁਰੂ ਜੀ ਨੇ ਸਮਝ ਲਿਆ ਕਿ ਬਾਲਕ ਗੋਬਿੰਦ ਰਾਇ ਜੀ ਗੁਰਿਆਈ ਦਾ ਕੰਮ ਨਿਭਾਉਣ ਦੇ ਹਰ ਤਰ੍ਹਾਂ ਸਮਰੱਥ ਹਨ। ਆਪ ਨੇ ਦਿਲੀ ਜਾਣ ਦੀ ਤਿਆਰੀ ਕਰ ਲਈ ਤੇ ਅਨੇਕ ਲਾਲਚ ਤੇ ਭੈ ਦਿਤੇ ਜਾਣ ਦੇ ਬਾਵਜੂਦ ਆਪ ਨੇ ਔਰੰਗਜ਼ੇਬ ਤਲਵਾਰ ਹੇਠ ਆਪਣਾ ਸੀਸ ਦੇਣਾ ਪ੍ਰਵਾਨ ਕੀਤਾ। ਆਪ ਦਾ ਇਹ ਬਲੀਦਾਨ ਹਿੰਦੂ ਜ਼ਾਤੀ ਦੇ ਤਿਲਕ ਜੰਞੂ ਦੀ ਰਾਖੀ ਲਈ ਸੀ। ਜਿਸ ਦਲੇਰੀ, ਨਿਰਭੈਤਾ ਤੇ ਪਰਸੁਆਰਥ ਦੀ ਮਿਸਾਲ ਆਪ ਨੇ ਕਾਇਮ ਕੀਤੀ ਉਸ ਜਿਹੀ ਉਦਾਹਰਣ ਦੁਨੀਆਂ ਵਿਚ ਮਿਲਣੀ ਮੁਸ਼ਕਲ ਹੈ।

ਗੁਰੂ ਤੇਗ ਬਹਾਦਰ ਜੀ ਦਾ ਅਵਤਾਰ, ਮਾਤਾ ਨਾਨਕੀ ਜੀ ਦੀ ਕੁਖੋਂ ਗੁਰੂ ਕੇ ਮਹਿਲ, ਅੰਮ੍ਰਿਤਸਰ ਵਿਚ ਇਕ ਅਪਰੈਲ ੧੬੨੧ ਈ: ਨੂੰ ਹੋਇਆ। ਆਪ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਨੇ ਆਪਣੇ ਨਾਨਕੇ, ਬਾਬੇ ਬਕਾਲੇ ਨਗਰ ਵਿਚ ਇਕੀ ਸਾਲਾਂ ਲਈ ਘੋਰ ਤਪੱਸਿਆਂ ਕੀਤੀ ਅਤੇ ਆਤਮਕ ਬਲ ਨੂੰ ਵਧਾ ਕੇ ਆਉਣ ਵਾਲੇ ਸਮੇਂ ਵਿਚ ਪਰਸੁਆਰਥ ਲਈ ਆਪਣੇ ਆਪ ਨੂੰ ਕੁਰਬਾਨੀ ਲਈ ਤਿਆਰ ਕੀਤਾ।

ਗੁਰੂ ਜੀ ਦੇ ੫੯ ਸ਼ਬਦ ਤੇ ੫੭ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਹਨ। ਇਹ ਬਾਣੀ ਸ਼ਾਤੀ, ਬੇਫ਼ਿਕਰੀ, ਨਿਰਭੈਤਾ ਦਾਤੀ ਹੈ। ਆਪ ਜੀ ਨੇ ਜੋ ਕੁਝ ਕਿਹਾ, ਉਹ ਕਰ ਦਿਖਾਇਆ। ਆਪ ਦਾ ਫ਼ੁਰਮਾਨ ਹੈ:—

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ।
ਕਹੁ ਨਾਨਕ ਸੁਨੁ ਰੇ ਮਨਾ, ਗਿਆਨੀ ਤਾਹਿ ਬਖਾਨਿ ॥੧੬॥ (ਸਲੋਕ ਮ:੯)
ਕਾਹੇ ਰੇ ਬਨ ਖੋਜਨਿ ਜਾਈ॥ ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ॥੧॥ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ, ਮਕਰੁ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰਿ, ਘਟਿ ਹੀ ਖੋਜਹੁ ਭਾਈ॥ (ਧਨਾਸਰੀ ਮ:੯, ਪੰਨਾ ੬੮੪)
ਹਰਖੁ ਸੋਗੁ ਜਾ ਕੈ ਨਹੀ, ਬੈਰੀ ਮੀਤ ਸਮਾਨਿ।
ਕਹੁ ਨਾਨਕ ਸੁਨੁ ਰੇ ਮਨਾ, ਮੁਕਤ ਤਾਹਿ ਤੈ ਜਾਨਿ। ੧੫॥ (ਬਾਕੀ ਪੰਨਾ ੨੨ ਤੇ ...)


www.AKJ.Org

# ਗੁਰੂ ਘਰ ਦੇ ਵਜ਼ੀਰਾਂ ਦੀ ਯੋਗਤਾ

(ਸੰਤਾ ਸਿੰਘ ਆਜਿਜ਼)

ਉਹ ਗੁਰੂ ਦਾ ਕਿਵੇਂ ਵਜ਼ੀਰ ਬਣੇ, ਜੋ ਗੁਰੂ ਦੀ ਸੇਵ ਕਮਾਂਦਾ ਨਹੀਂ।
ਨਿਤ ਗੁਰਬਾਣੀ ਦਾ ਪਾਠ ਕਰੇ, ਪਰ ਬਾਣੀ ਰਿਦੇ ਵਸਾਂਦਾ ਨਹੀਂ।
ਉਪਦੇਸ਼ ਕਰੇ ਨਿਤ ਗੁਰਮਤਿ ਦਾ, ਖੁਦ ਗੁਰਮਤਿ ਨੂੰ ਅਪਨਾਂਦਾ ਨਹੀਂ।
ਮਾਇਆ ਨੂੰ ਨਾਗਣ ਕਹਿੰਦਾ ਹੈ, ਖ਼ੁੱਦ ਲੁੱਟਦਾ ਹੈ ਭਉ ਖਾਂਦਾ ਨਹੀਂ।
ਬਾਣਾ ਹੈ ਬੇਸ਼ੱਕ ਸਾਧਾਂ ਦਾ, ਪਰ ਨੀਅਤ ਠੱਗਾਂ ਵਾਲੀ ਹੈ।
ਮਰਿਆਦਾ ਵਲੋਂ ਕੋਰਾ ਹੈ, ਰਹਿਤਾ ਤੋਂ ਪੱਲੜਾ ਖਾਲੀ ਹੈ।
ਤਨ ਬੇਸ਼ੱਕ ਉਜਲਾ ਧੋਤਾ ਹੈ, ਪਰ ਦਿਲ ਦੀ ਤਖਤੀ ਕਾਲੀ ਹੈ।
ਬੁਰਿਆਂ ਤੋਂ ਕਿਸੇ ਭਲਾਈ ਦੀ, ਉਮੀਦ ਹੀ ਖਾਸ ਖਿਆਲੀ ਹੈ।
ਇਹਨਾਂ ਬੇਪਰਵਾਹ ਵਜ਼ੀਰਾਂ ਨੇ, ਗੁਰੂ ਘਰ ਦੀ ਸ਼ਾਨ ਘਟਾਈ ਹੈ।
ਗਾਉਂਦੇ ਸੋਹਲੇ ਪਰਬੰਧਕਾਂ ਦੇ, ਗੁਰੂ ਪੰਥ ਦੀ ਸਿਫਤ ਭੁਲਾਈ ਹੈ।
ਗੁਰੂ ਚਰਨਾਂ ਨਾਲ ਪ੍ਰੀਤ ਨਹੀਂ, ਮਨ ਮੈਲੇ, ਨਹੀਂ ਸਫਾਈ ਹੈ।
ਇਹ ਗਿਆਨ ਬੋਧ ਤੋਂ ਅਗਿਆਨੀ, ਕਿਵੇਂ ਗਿਆਨ ਦੀ ਜੋਤ ਜਗਾ ਸਕਦੇ ?
ਰਹਿਤਾਂ ਤੋਂ ਕੋਰੇ ਸੰਗਤ ਵਿਚ ਕਿਵੇਂ ਰਹਿਤਾਂ ਦੇ ਗੁਣ ਗਾ ਸਕਦੇ ?
ਮਨਮਤਿ ਵੱਲ ਝੁੱਕੇ ਨਾਦਾਨਾਂ ਨੂੰ, ਕਿਵੇਂ ਗੁਰਮਤਿ ਵੱਲ ਝੁਕਾ ਸਕਦੇ।
ਉਨਤੀ ਵੱਲ ਕਦਮ ਵਧਾਉਣਾ ਕੀ, ਢਾਹ ਕੌਮ ਨੂੰ ਬੇਸ਼ੱਕ ਲਾ ਸਕਦੇ।
ਸੋਧਨ ਪਹਿਲਾਂ ਅਪਨਾ ਆਪਾ, ਪੂਰਨ ਸੁਆਰਥ ਦੀਆਂ ਖਾਈਆਂ ਨੂੰ।
ਸਭ ਮੇਰ, ਤੇਰ ਦਾ ਫਰਕ ਮਿਟਾ, ਸਮਕਰ ਜਾਨਣ ਗੁਰ ਭਾਈਆਂ ਨੂੰ।
ਗੁਰੂ ਘਰ ਦੀ ਸੇਵਾ ਉਤਮ ਹੈ, ਮੰਨਣ ਇਹਨਾਂ ਸਚਿਆਈਆਂ ਨੂੰ।
ਸਦਾ ਸਤਿ ਸੰਤੋਖ ਦਾ ਜਾਪ ਜਪਣ, ਕੱਟਣ ਮਾਇਆ ਦੀਆਂ ਫਾਹੀਆਂ ਨੂੰ।
ਜਿਹੜਾ ਗੁਰੂ ਤੋਂ ਤਨ, ਮਨ, ਧਨ ਵਾਰੇ, ਉਹ ਗੁਰੂ ਦਾ ਯੋਗ ਵਜ਼ੀਰ ਬਣੇ।
ਮਨਮਤਿ ਵਿਚ ਗ੍ਰਸੇ ਬੀਮਾਰਾਂ ਲਈ। ਉਹ ਦਵਾ ਬਣੇ, ਇਕਸੀਰ ਬਣੇ।
ਬੇ-ਸਿਦਕਿਆਂ ਲਈ ਉਹ ਸਿਦਕ ਬਣੇ, ਦਲ ਬਦਲੂਆਂ ਲਈ ਖੰਡ ਖੀਰ ਬਣੇ।
ਬੇ-ਆਸਿਆਂ ਦੀ ਧਰਵਾਸ ਬਣੇ, ਪਿਆਸਿਆਂ ਲਈ ਅੱਖ ਦਾ ਨੀਰ, ਬਣੇ।
ਗੁਰੂ ਘਰ ਦੇ ਯੋਗ ਵਜ਼ੀਰਾਂ ਨੂੰ ਹੱਕ ਹੈ ਵਧੀਆ ਗੁਜ਼ਰਾਨ ਮਿਲੇ।
ਗੁਰੂ ਘਰ ਦੇ ਲਾਗੇ ਰਹਿਣ ਲਈ, ਸੋਹਣਾ ਸੁੰਦਰ ਅਸਥਾਨ ਮਿਲੇ।

## ਸਿੱਖ ਦੀ ਤਾਰੀਫ਼

ਗੁਰੂ ਸਾਹਿਬ ਦੀ ਸ਼ਰਤ :- ਰਹਿਤ ਪਿਆਰੀ ਮੁਝ ਕੋ, ਸਿੱਖ ਪਿਆਰਾ ਨਾਹਿ॥

ਰਹਿਤ :- ਪ੍ਰਥਮ ਰਹਿਤ ਯਹ ਜਾਨ, ਖੰਡੇ ਕੀ, ਪਾਹੁਲ ਛਕੈ॥
ਸੋਈ ਸਿੰਘ ਪ੍ਰਧਾਨ ਅਵਰੁ ਨਾ ਪਾਹੁਲ ਜੋ ਲਏ॥

ਅਥਵਾ ਪਾਂਚ ਸਿੰਘ ਅੰਮ੍ਰਿਤ ਜੋ ਦੇਵੈ॥ ਤਾ ਕੋ ਸਿਰ ਧਰ ਛਕ ਪੁਨਿ ਲੇਵੈ॥
ਪੁਨਿ ਮਿਲ ਪਾਂਚੋ ਰਹਿਤ ਜੋ ਭਾਖੈਂ॥ ਤਾ ਕੋ ਦ੍ਰਿੜ੍ਹ ਕਰ ਮਨ ਮਹਿ ਰਾਖਹਿ॥
ਕਛ, ਕੜਾ ਕ੍ਰਿਪਾਨ ਕੰਘਾ ਕੇਸਕੀ॥ ਇਹ ਪੰਜ ਕਕਾਰੀ ਰਹਿਤ ਧਾਰੇ ਸਿੱਖ ਸੋਈ॥

(ਰਹਿਤਨਾਮਿਆਂ ਵਿਚੋ)



www.AKJ.Org

# ਨੌਜਵਾਨਾਂ ਵਿਚ ਧਰਮ-ਵਿਮੁਖਤਾ

(ਡਾ: ਸਰਬਜੋਤ ਕੌਰ)

ਧਰਮ ਨੂੰ ਵਿਸ਼ਵਾਸ਼ ਤੇ ਅਮਲ ਦੀ ਚੀਜ਼ ਕਿਹਾ ਜਾਂਦਾ ਹੈ। ਇਹ ਮਨੁੱਖ ਦਾ ਪਰਮਨੁੱਖੀ ਸ਼ਕਤੀ ਵਿਚ ਵਿਸ਼ਵਾਸ਼ ਤੇ ਉਸ ਸ਼ਕਤੀ ਨਾਲ ਅੰਤਰ-ਸਬੰਧ ਦਾ ਨਾਮ ਹੈ। ਇਸ ਵਿਚ 'ਇਕਲਾ ਜਾਣਨਾ' ਮਨੁੱਖ ਲਈ ਲਾਹੇਵੰਦਾ ਨਹੀਂ। ਵਿਸ਼ਵਾਸ਼ ਤੇ ਅਮਲਾਂ ਵਿਚ ਢਲਿਆ ਹੋਇਆ ਜੀਵਨ ਲੋੜੀਂਦਾ ਹੈ। ਪਰੰਤੂ ਬਹੁਤ ਵਾਰੀ ਸਮਾਂ ਬੀਤਣ ਨਾਲ ਅਮਲਾਂ ਵਿਚ ਤਬਦੀਲੀ ਆ ਜਾਂਦੀ ਹੈ ਅਤੇ ਧਰਮ ਆਪਣਾ ਰੂਪ ਵਟਾ ਲੈਂਦਾ ਹੈ। ਬਹੁਤ ਸਾਰੀਆਂ ਗੱਲਾਂ ਆਪਣੇ ਅਮਲ ਟਿਕਾਣੇ ਤੋਂ ਹਿਲ ਕੇ ਰਸਮਾਂ ਦੇ ਰੇਗਿਸਤਾਨ ਵਿਚ ਉਤਰ ਜਾਂਦੀਆਂ ਹਨ, ਤੇ ਧਰਮ ਦਾ ਰਸ ਗੁਆ ਬੈਠਦੀਆਂ ਹਨ। ਨਤੀਜੇ ਵਜੋਂ ਇਹ ਰਸਮਾਂ ਅਮਲਹੀਣ ਤੇ ਨਿਕੰਮੀਆਂ ਜਾਪਣ ਲੱਗ ਪੈਂਦੀਆਂ ਹਨ, ਤੇ ਧਰਮ ਨੂੰ ਸੰਦੇਹ ਦੀਆਂ ਨਜ਼ਰਾਂ ਨਾਲ ਦੇਖਿਆ ਜਾਣ ਲੱਗ ਪੈਂਦਾ ਹੈ। ਕੇਵਲ ਸੋਚ ਦੀ ਅਗਵਾਈ ਵਿਚ ਚਲਣ ਵਾਲੀ ਨੌਜਵਾਨ ਪੀੜ੍ਹੀ ਭਾਵਕ ਵਿਚਾਰਾਂ ਨੂੰ ਘੱਟ ਮੰਨਣ ਵਿਚ ਲਿਆਉਂਦੀ ਹੈ, ਤੇ ਇਉਂ ਧਰਮ ਵਲੋਂ ਅਰੁਚੀ ਪੈਦਾ ਹੋ ਜਾਂਦੀ ਹੈ।

ਸਿੱਖ ਧਰਮ ਵਿਚ ਵਿਸ਼ਵਾਸ਼ਾ ਦੀ ਘਾੜਤ ਭਾਵੇਂ ਪਹਿਲਾਂ ਹੀ 'ਵਿਵੇਕਬੁੱਧੀ' ਦੇ ਅਨੁਕੂਲ ਕੀਤੀ ਗਈ ਹੈ, ਪਰੰਤੂ ਸਮੇਂ ਨੇ ਅੱਜ ਸਾਨੂੰ ਅਜਿਹੇ ਮੋੜ ਤੇ ਲਿਆ ਖੜਾ ਕੀਤਾ ਹੈ ਜਿਥੇ ਵਿਵੇਕਬੁੱਧੀ ਤੇ ਅਧਾਰਿਤ ਸਿੱਖ ਸਿਧਾਤਾਂ ਨੂੰ ਮੁੜ ਤਾਰਕਿਕ ਹੋ ਕੇ ਪ੍ਰਗਟਾਉਣ ਦੀ ਜ਼ਰੂਰਤ ਮਹਿਸੂਸ ਹੋ ਰਹੀ ਹੈ। ਅੱਜ ਦਾ ਪੜ੍ਹਿਆ ਲਿਖਿਆ ਨੌਜਵਾਨ ਪਦਾਰਥਵਾਦ ਤੋਂ ਪ੍ਰਭਾਵਿਤ ਹੋ ਕੇ ਸਿੱਖ ਸਿਧਾਂਤਾਂ, ਸਿੱਖੀ ਸਰੂਪ ਤੇ ਸਿੱਖੀ ਆਦਰਸ਼ਾਂ ਤੋਂ ਬੇਮੁਖ ਹੋ ਰਿਹਾ ਹੈ। ਕੰਪੀਊਟਰ ਯੁੱਗ ਦਾ ਨੌਜਵਾਨ ਚਲਦੇ ਫਿਰਦੇ ਮਸ਼ੀਨੀ ਮਨੁੱਖ ਨੂੰ ਦੇਖ ਕੇ ਰੱਬ ਦੀ ਹੋਂਦ ਤੋਂ ਇਨਕਾਰੀ ਹੋ ਰਿਹਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਸੰਸਾਰ ਦੇ ਸਾਰੇ ਧਰਮਾਂ ਨੂੰ ਇਸ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਗੁਰੂ ਸਾਹਿਬ ਦਾ ਦਿਤਾ ਸਿੱਖੀ ਸਰੂਪ ਇਤਨਾ ਨਵੇਕਲਾ ਹੈ ਕਿ ਇਸ ਵਿਚ ਲਗੀ ਜ਼ਰਾ ਜਿੰਨੀ ਵੀ ਕਣ ਸਪਸ਼ਟ ਦਿਖਾਈ ਦੇਣ ਲੱਗ ਪੈਂਦੀ ਹੈ, ਤੇ ਸੋਚਵਾਨਾਂ ਨੂੰ ਹੋਰਨਾਂ ਧਰਮਾਂ ਦੇ ਮੁਕਾਬਲੇ ਆਪਣੇ ਧਰਮ ਵਿਚ ਆਈ ਗਿਰਾਵਟ ਜ਼ਿਆਦਾ ਤੇ ਜਲਦੀ ਨਜ਼ਰ ਆਉਂਦੀ ਤੇ ਚਿੰਤਾਤੁਰ ਕਰਦੀ ਹੈ। ਹਥਲੇ ਪਰਚੇ ਦੇ ਵਿਸ਼ੇ ਦੇ ਦੋ ਭਾਗ ਹਨ। ਪਹਿਲਾ ਇਹ ਕਿ ਸਿੱਖ ਨੌਜਵਾਨਾਂ ਵਿਚ ਧਰਮ ਪ੍ਰਤੀ ਅਰੁਚੀ ਦੇ ਕੀ ਕਾਰਨ ਹਨ, ਤੇ ਦੂਸਰਾ ਉਹਨਾਂ ਕਾਰਨਾਂ ਨੂੰ ਦੂਰ ਕਰਨ ਲਈ ਕੀ ਉਪਾਅ ਕਰਨੇ ਚਾਹੀਦੇ ਹਨ।

ਧਰਮ ਮਨੁੱਖੀ ਜੀਵਨ ਦਾ ਅਟੁੱਟ ਅੰਗ ਹੈ। ਇਹ ਮਨੁੱਖ ਨੂੰ ਪਸ਼ੂ ਜਗਤ ਨਾਲੋਂ ਨਿਖੇੜ ਕੇ ਸਹੀ ਮਾਨਵੀ ਸਰੂਪ ਦਾ ਧਾਰਨੀ ਬਣਾਉਂਦਾ ਹੈ। ਪਰੰਤੂ ਅੱਜ ਦਾ ਨੌਜਵਾਨ ਧਰਮ ਵਰਗੀ ਅਮੋਲਕ ਵਸਤ ਤੋਂ ਇਨਕਾਰੀ ਹੈ। ਇਸ ਦਾ ਪਹਿਲਾ ਵੱਡਾ ਕਾਰਨ ਦੋਸ਼ਪੂਰਨ ਵਿਦਿਅਕ ਪ੍ਰਣਾਲੀ ਹੈ। ਵਿਦਿਆ ਦਾ ਮਨੋਰਥ ਵਿਅਕਤੀ ਦੀ ਪੁਨਰ-ਉਸਾਰੀ ਕਰਨਾ ਹੁੰਦਾ ਹੈ। ਗਿਆਨ ਪ੍ਰਾਪਤੀ ਨਾਲ ਮਨ ਦਾ ਹਨੇਰਾ ਦੂਰ ਹੁੰਦਾ ਹੈ, ਤੇ ਦਿਮਾਗ ਨੂੰ ਨਵੀਨ ਤੇ ਦੁਰਲੱਭ ਬਾਤਾਂ ਦੀ ਸਮਝ ਪੈਂਦੀ ਹੈ। ਇਹ ਸਮਝ ਇਹਨਾਂ ਦਿਸਦੀਆਂ ਦੋ ਅੱਖਾਂ ਨਾਲ ਨਹੀਂ ਪੈ ਸਕਦੀ। ਤੀਜੇ ਨੇਤਰ ਦੀ ਲੋੜ ਹੈ। ਇਹ ਤੀਜਾ ਨੇਤਰ ਹੈ ਸੋਝੀ ਦਾ, ਵਿਦਿਆ ਦਾ, ਸਮਝ ਦਾ, ਸੱਚ ਦਾ, ਪਕੜ ਦਾ। ਪਰ ਬਦਕਿਸਮਤੀ ਇਹ ਹੈ ਕਿ ਸਾਡੀ ਵਰਤਮਾਨ ਵਿਦਿਆ ਪ੍ਰਣਾਲੀ ਸੱਚ ਦੀ ਪਕੜ ਤੋਂ ਦੂਰ ਹੋ ਕੇ ਕੇਵਲ ਕਿੱਤਾ-ਉਪਯੋਗਤਾ ਪ੍ਰਧਾਨ ਬਣ ਗਈ ਹੈ। ਅਜਿਹਾ ਹੋਣ ਨਾਲ ਸਾਡੇ ਸਮਾਜ ਵਿਚੋਂ ਨੈਤਿਕ ਕਦਰਾਂ ਕੀਮਤਾਂ ਆਲੋਪ ਹੋ ਰਹੀਆਂ ਹਨ, ਤੇ ਲੁੱਟ-ਖਸੁੱਟ, ਮਾਰ-ਧਾੜ, ਅਰਾਜਕਤਾ ਵਿਚ ਸਾਡਾ ਸਮਾਜ ਗ੍ਰਸਿਆ ਗਿਆ ਹੈ। ਇਸ ਸੰਦਰਭ ਵਿਚ ਜ਼ਰੂਰੀ ਬਣ ਜਾਂਦਾ ਹੈ ਕਿ ਵਿਦਿਆਰਥੀਆਂ ਨੂੰ ਧਰਮ ਦੀ ਸਿਖਿਆ ਦਿਤੀ ਜਾਏ। ਵਿਦਿਆ ਦੇ ਪਾਠਕ੍ਰਮ ਤੇ ਵਿਦਿਆਰਥੀਆਂ ਦੇ ਵਿਚਾਰਾਂ ਦਾ ਗਹਿਰਾ ਸਬੰਧ ਹੈ। ਇਤਿਹਾਸ ਗਵਾਹ ਹੈ ਕਿ ਜਿਥੇ ਕੈਂਬਰਿਜ ਯੂਨੀਵਰਸਿਟੀ ਦੇ ਪੜ੍ਹੇ ਵਿਦਿਆਰਥੀ ਰਾਜਤੰਤਰ ਵਿਰੋਧੀ



www.AKJ.Org

ਹੁੰਦੇ ਸਨ, ਉਥੇ ਆਕਸਫੋਰਡ ਯੂਨੀਵਰਸਿਟੀ ਦੇ ਪੜ੍ਹੇ ਵਿਦਿਆਰਥੀ ਰਾਜਤੰਤਰ ਦੇ ਉਤਸ਼ਾਹੀ ਸਮਰਥਕ। ਓਲੀਵਰ ਕ੍ਰਾਮਵੈਲ ਜਿਸਨੇ ਪਹਿਲੀ ਵਾਰ ਇੰਗਲੈਂਡ ਵਿਚ ਰਾਜਤੰਤਰ ਖਤਮ ਕਰਕੇ ਗਣਤੰਤਰ ਦੀ ਸਥਾਪਨਾ ਕੀਤੀ, ਕੈਂਬਰਿਜ ਯੂਨੀਵਰਸਿਟੀ ਦਾ ਹੀ ਵਿਦਿਆਰਥੀ ਸੀ। ਸੋ ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਵਿਦਿਆ ਹੀ ਸਮਾਜ ਉਸਾਰਨ ਜਾਂ ਢਾਹੁਣ ਦੀ ਜ਼ਿੰਮੇਵਾਰ ਬਣਦੀ ਹੈ। ਜਿਥੇ ਉਸਾਰੂ ਪਾਠਕ੍ਰਮ ਸਮਾਜ ਨੂੰ ਉੱਚ ਚਰਿਤਰਵਾਨ ਤੇ ਜਾਗਰੂਕ ਨਾਗਰਿਕ ਪ੍ਰਦਾਨ ਕਰਦਾ ਹੈ, ਉਥੇ ਸਮਾਜ ਵਿਚ ਪ੍ਰਚਲਤ ਗ਼ਲਤ ਕਦਰਾਂ ਕੀਮਤਾਂ ਉਥੋਂ ਦੇ ਵਿਦਿਅਕ ਪਾਠਕ੍ਰਮ ਦੀ ਨਾਕਾਮੀ ਦਾ ਜ਼ਿੰਦਾ ਸਬੂਤ ਹੁੰਦੀਆਂ ਹਨ।

ਪੁਰਾਤਨ ਸਮੇਂ ਵਿਚ ਵਿਦਿਆਰਥੀਆਂ ਨੂੰ ਜਿਥੇ ਹੋਰਨਾਂ ਵਿਸ਼ਿਆਂ ਦੀ ਭਰਪੂਰ ਜਾਣਕਾਰੀ ਦਿਤੀ ਜਾਂਦੀ ਸੀ, ਉਥੇ ਉਹਨਾਂ ਦੀ ਸ਼ਖਸੀਅਤ ਉਸਾਰੀ ਲਈ ਅਧਿਆਤਮਿਕ ਤੇ ਧਾਰਮਿਕ ਰੰਗਣ ਵਾਲੀ ਨੈਤਿਕ ਸਿਖਿਆ ਤੇ ਵੀ ਜ਼ੋਰ ਦਿਤਾ ਜਾਂਦਾ ਸੀ। ਪਰੰਤੂ ਅੱਜ ਹਰੇਕ ਧਰਮ ਨੂੰ ਬਰਾਬਰ ਦਾ ਇਜ਼ਤ ਮਾਣ ਦੇਣ ਲਈ ਸਰਕਾਰ ਨੇ ਧਰਮ ਦੀ ਸਿਖਿਆ ਨੂੰ ਵਿਦਿਅਕ ਪਾਠਕ੍ਰਮ ਦੇ ਘੇਰੇ ਚੋਂ ਬਾਹਰ ਰੱਖ ਦਿੱਤਾ ਹੈ। ਇਹੀ ਕਾਰਨ ਹੈ ਕਿ ਜਿਥੇ ਅੱਜ ਦਾ ਨੌਜਵਾਨ ਹੋਰ ਅਨੇਕਾਂ ਵਿਸ਼ਿਆਂ ਦੀ ਭਰਪੂਰ ਜਾਣਕਾਰੀ ਰਖਦਾ ਹੈ, ਉਥੇ ਧਾਰਮਿਕ ਪੱਖ ਤੋਂ ਬਹੁਤ ਪਿਛਾਂਹ ਰਹਿ ਗਿਆ ਹੈ। ਜਿੰਨੀਆਂ ਵਧੇਰੇ ਉਹ ਪੁਸਤਕਾਂ ਪੜ੍ਹਦਾ ਜਾਂਦਾ ਹੈ, ਉਤਨਾ ਹੀ ਉਹ ਗਿਰਾਵਟ ਵਾਲੇ ਪਾਸੇ ਡਿਗਦਾ ਜਾਂਦਾ ਹੈ। ਪ੍ਰੋ: ਮੋਹਨ ਸਿੰਘ ਲਿਖਦਾ ਹੈ।

ਪੜ੍ਹ ਪੜ੍ਹ ਪੁਸਤਕ ਢੇਰ ਕੁੜੇ, ਮੇਰਾ ਵਧਦਾ ਜਾਏ ਹਨੇਰ ਕੁੜੇ।

ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਜ਼ਰੂਰੀ ਬਣ ਜਾਂਦਾ ਹੈ ਕਿ ਪਾਠਕ੍ਰਮ ਵਿਚ 'ਧਰਮ ਦਾ ਵਿਸ਼ਾ' ਸ਼ਾਮਲ ਕੀਤਾ ਜਾਏ। ਵੱਖ ਵੱਖ ਧਰਮਾਂ ਦੇ ਤੁਲਨਾਤਮਿਕ ਅਧਿਐਨ ਨੂੰ ਵਿਸ਼ੇਸ਼ਤਾ ਦੇਣੀ ਵੀ ਜ਼ਰੂਰੀ ਹੈ, ਕਿਉਂਕਿ ਅਜਿਹਾ ਕਰਨ ਨਾਲ ਜਿਥੇ ਵਿਦਿਆਰਥੀ ਵੱਖ ਵੱਖ ਧਰਮਾਂ ਦੇ ਅੰਤਰੀਵ ਮਨੋਰਥਾਂ ਦੀ ਇਕਸੁਰਤਾ ਤੋਂ ਜਾਣੂ ਹੋਣਗੇ, ਉਥੇ ਆਪਣੇ ਧਰਮ ਪ੍ਰਤੀ ਗੌਰਵ ਵੀ ਮਹਿਸੂਸ ਕਰਨਗੇ। ਧਰਮ ਦੀ ਸਿਖਿਆ ਨਾਲ ਅਨੁਸਾਸ਼ਨ ਵਿਚ ਵੀ ਵਾਧਾ ਹੋਏਗਾ, ਤੇ ਫੋਕੇ ਤੇ ਗੈਰ-ਵਿਗਿਆਨਿਕ ਰੀਤੀ ਰਿਵਾਜਾਂ ਤੋਂ ਭੀ ਛੁਟਕਾਰਾ ਮਿਲੇਗਾ। ਜਿਥੇ ਚਾਨਣ ਹੋਵੇ ਉਥੇ ਹਨੇਰਾ ਨਹੀਂ ਰਹਿੰਦਾ। ਬਲਬ ਨੂੰ ਬਿਜਲੀ ਦੇ ਕੇਂਦਰ ਨਾਲ ਜੋੜਨ ਵਾਲੀ ਤਾਰ ਟੁੱਟ ਜਾਏ ਤਾਂ ਬਲਬ ਦੀ ਰੌਸ਼ਨੀ ਮੁੱਕ ਜਾਂਦੀ ਹੈ। ਇਸੇ ਤਰ੍ਹਾਂ ਮਨੁੱਖ ਨੂੰ ਪ੍ਰਕਾਸ਼ਵਾਨ ਬਣਾਉਣ ਲਈ ਧਰਮ ਦੀ ਸਿਖਿਆ ਰਾਹੀਂ ਸੱਚ ਨਾਲ ਲਿਵ-ਤਾਰ ਜੋੜਨੀ ਅਨਿਵਾਰੀ ਹੈ। Bulwer ਲਿਖਦਾ ਹੈ ਕਿ ਯੂਨੀਵਰਸਿਟੀ ਵਿਦਿਆ ਤੋਂ ਵਧੀਆ ਵਸਤੂ ਕੋਈ ਨਹੀਂ, ਪਰ ਜੇ ਯੂਨੀਵਰਸਿਟੀ ਵਿਦਿਆ 'ਅਸਲੀ ਵਿਦਿਆ' ਤੋਂ ਸੱਖਣੀ ਹੋਵੇ ਤਾਂ ਇਸ ਤੋਂ ਘਟੀਆ ਗੱਲ ਹੋਰ ਕੋਈ ਨਹੀਂ। ਪ੍ਰੋ: ਪੂਰਨ ਸਿੰਘ ਵੀ ਇਕ ਥਾਂ ਲਿਖਦੇ ਹਨ:

*''ਜੇ ਕੋਈ ਸਿੱਖ ਐਮ. ਏ. ਪਾਸ ਕਰਕੇ ਗੁਰ ਉਪਦੇਸ਼ (ਗੁਰਬਾਣੀ) ਨੂੰ ਭੁੱਲ ਜਾਏ ਤਾਂ ਮੈਂ ਉਸ ਦੀ ਐਮ. ਏ. ਨਿਸਫਲ ਜਾਣਦਾ ਹਾਂ। ਪਾਪ ਤਾਂ ਪਾਪ ਹੀ ਹੈ, ਧਾਰਮਿਕ ਸੂਝ ਤੋਂ ਬਿਨਾਂ ਕੀਤਾ ਪੁੰਨ ਵੀ ਪਾਪ ਹੈ। ਧਾਰਮਿਕ ਸੂਝ ਦਿਤੇ ਬਿਨਾਂ ਵਿਦਿਆ ਦਿਲ ਜੋੜਨ ਦੀ ਥਾਂ ਤੋੜਨ ਦਾ ਕੰਮ ਕਰਦੀ ਹੈ। ਆਹ ! ਸਾਰੀ ਮਾਰਧਾੜ ਕਤਲ, ਖੂਨ-ਖਰਾਬਾ ਇਸ ਧਾਰਮਿਕ ਵਿਦਿਆ ਦੀ ਅਣਹੋਂਦ ਸਦਕਾ ਹੈ। ਧਰਮ ਤੋਂ ਕੋਰੇ ਮਨੁੱਖ ਰੇਹੜੂ ਨਹੀਂ, ਰੋਹੜੂ ਹੋ ਜਾਂਦੇ ਹਨ''।*

ਲੋੜ ਹੈ ਅੱਜ ਇਹਨਾਂ ਵਿਦਵਾਨਾਂ ਦੇ ਕਾਰਨਾਂ ਦੀ ਸਚਾਈ ਨੂੰ ਸਮਝਣ ਦੀ।

ਨੌਜਵਾਨਾਂ ਦੀ ਧਰਮ ਪ੍ਰਤੀ ਅਰੁਚੀ ਦਾ ਦੂਸਰਾ ਮਹੱਤਵਪੂਰਨ ਕਾਰਨ ਹੈ ਬਚਿਆਂ ਦੇ ਮਾਂ-ਬਾਪ ਦੀ ਧਰਮ ਪ੍ਰਤੀ ਅਗਿਆਨਤਾ ਤੇ ਦਿਸ਼ਾਹੀਣਤਾ। ਘਰ ਬੱਚੇ ਦੀ ਪਹਿਲੀ ਪਾਠਸ਼ਾਲਾ ਹੈ। ਬੱਚਾ ਅੱਖ ਖੋਲ੍ਹਦਾ ਹੈ ਤਾਂ ਮਾਂ-ਬਾਪ ਨਜ਼ਰ ਆਉਂਦੇ ਹਨ, ਬੈਠਦਾ ਤੁਰਦਾ ਹੈ ਤਾਂ ਮਾਂ-ਬਾਪ ਸੰਭਾਲਦੇ ਹਨ, ਬੋਲਣਾ ਚਾਹੁੰਦਾ ਹੈ ਤਾਂ ਮਾਂ-ਬਾਪ ਸਿਖਾਉਂਦੇ ਹਨ। ਸੋ ਬੱਚੇ ਦਾ ਹਰ ਕਰਮ ਮਾਂ-ਬਾਪ ਦੀ ਮੌਜੂਦਗੀ, ਪ੍ਰੇਰਨਾ ਤੇ ਅਗਵਾਈ ਵਿਚ ਹੁੰਦਾ ਹੈ। ਅਜਿਹੇ ਹਾਲਾਤ ਵਿਚ ਮਾਂ-ਬਾਪ ਦੇ ਜੀਵਨ ਦਾ ਪ੍ਰਭਾਵ ਬੱਚਾ ਅਚੇਤ ਹੀ ਕਬੂਲਦਾ ਹੈ। ਅੱਜ ਦੀ ਹਾਲਤ ਨੂੰ ਸਾਹਮਣੇ ਰਖਦੇ ਹੋਏ ਇਹ ਗੱਲ ਬੜੇ ਅਫਸੋਸ ਨਾਲ ਕਹਿਣੀ ਪੈਂਦੀ ਹੈ ਕਿ ਬਹੁਤੇ


www.AKJ.Org

ਮਾਂ-ਬਾਪ ਧਰਮ ਪ੍ਰਤੀ ਅਣਗਹਿਲੀ ਵਰਤ ਰਹੇ ਹਨ। ਉਹਨਾਂ ਦੀ ਰਹਿਣੀ, ਬਹਿਣੀ, ਕਹਿਣੀ, ਖਾਣ-ਪੀਣ ਪੋਸ਼ਾਕ ਸਭ ਪਦਾਰਥਵਾਦ ਤੋਂ ਪ੍ਰਭਾਵਿਤ ਹਨ। ਉਹਨਾਂ ਦਾ ਮਾਰਗ ਦਰਸ਼ਨ ਮਾਇਆ ਕਰਦੀ ਹੈ। ਸਾਰਾ ਜ਼ੋਰ ਘਰ ਦੀ ਤੇ ਆਪਣੀ ਸਜਾਵਟ ਤੇ ਲੱਗ ਰਿਹਾ ਹੈ। ਨਤੀਜੇ ਵਜੋਂ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਦੀਆਂ ਝਾਕੀਆਂ ਸਿਰਫ ਕਹਾਣੀਆਂ ਹੀ ਪ੍ਰਤੀਤ ਹੁੰਦੀਆਂ ਹਨ। ਮਾਂ-ਬਾਪ ਸਾਰਾ ਫ਼ਿਕਰ ਤੇ ਸਾਰਾ ਜ਼ੋਰ ਬੱਚੇ ਨੂੰ ਉੱਚ ਦੁਨਿਆਵੀ ਅਹੁੱਦੇ ਦਿਵਾਉਣ ਤੇ ਲਗਾ ਰਹੇ ਹਨ। ਕੋਈ ਵਿਰਲਾ ਹੀ ਘਰ ਹੈ ਜਿਥੇ ਗੁਰਸਿੱਖੀ ਜੀਵਨ-ਜਾਚ ਵੱਲ ਧਿਆਨ ਦਿਤਾ ਜਾਂਦਾ ਹੈ। ਦੁਨਿਆਵੀ ਅਹੁਦੇ ਮੁਬਾਰਕ ਹਨ, ਪਰ ਸਿੱਖੀ ਵਲੋਂ ਬੇਮੁਖਤਾਈ ਇਹਨਾਂ ਅਹੁਦਿਆਂ ਦਾ ਮਹਤੱਵ ਘਟਾਉਂਦੀ ਹੈ। ਅੱਜ ਲੋੜ ਹੈ ਗੁਰੂ ਸਾਹਿਬ ਦੇ ਦਸੇ ਆਦਰਸ਼-ਦੀਨ ਤੇ ਦੁਨੀਆ ਨੂੰ ਇੱਕਠੇ ਰਖੱਣ ਦੀ। ਪੁਰਾਤਨ ਸਮੇਂ ਵਿਚ ਜਿਥੇ ਮਾਂ-ਬਾਪ ਬੱਚੇ ਨੂੰ ਦੁਨਿਆਵੀ ਕਾਰ- ਵਿਹਾਰ ਵਿਚ ਸਮਝਦਾਰ ਬਣਾਉਂਦੇ ਸਨ। ਉਥੇ ਨਾਲ ਇਹ ਅਸੀਸ ਵੀ ਦੇਂਦੇ ਸਨ:

'ਰਾਮ ਰਸਾਇਣੁ ਨਿਤ ਉਠਿ ਪੀਵਹੁ'

ਬੱਚੇ ਨੂੰ ਘਰ ਵਿਚ ਗੁਰਸਿੱਖੀ ਮਾਹੌਲ ਮਿਲਦਾ ਸੀ। ਸੁਆਉਣ ਲਗਿਆਂ ਮਾਂ ਬੱਚੇ ਨੂੰ ਅਸੀਸ ਦੇਂਦੀ ਸੀ।

''ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ''

ਪਰ ਅੱਜ ਸਾਡੀਆਂ ਲੋਰੀਆਂ ਤੇ ਅਸੀਸਾਂ ਉਹ ਬੇਹੂਦਾ ਗਾਣੇ ਹਨ, ਜੋ ਸਾਨੂੰ ਚਰਿਤਰਹੀਨ, ਕਮਜ਼ੋਰ ਤੇ ਡਰਪੋਕ ਬਣਾਉਂਦੇ ਹਨ। ਪੰਜਾਬੀ ਦੇ ਇਕ ਪ੍ਰਸਿੱਧ ਗਾਇਕ ਦੀ ਲੋਰੀ ਘਰ ਘਰ ਗਾਈ ਜਾਂਦੀ ਹੈ- ''ਸੌਂ ਜਾ ਬਬੂਆ, ਮਾਣੋ ਬਿੱਲੀ ਆਈ ਏ''।

ਜ਼ਰਾ ਝਾਤੀ ਮਾਰੀਏ ਉਸ ਸਮੇਂ ਤੇ ਜਦੋਂ ਗੈਰ-ਸਿੱਖ ਮਾਵਾਂ ਆਪਣੇ ਬੱਚਿਆਂ ਨੂੰ ਸੁਆਉਣ ਲਈ ਡਰਾਂਦੀਆਂ ਸਨ-ਸੌਂ ਜਾਂ, ਨਹੀਂ ਤੇ ਨਲੂਆ ਆ ਜਾਏਗਾ। ਅੱਜ ਅਸੀਂ ਆਪਣੇ ਬਚਿਆਂ ਨੂੰ ਸੁਆਉਣ ਲਗਿਆਂ ਕਹਿੰਦੇ ਹਾਂ-ਸੌਂ ਜਾਂ, ਨਹੀਂ ਤੇ ਬਿੱਲੀ ਆ ਜਾਏਗੀ। ਕਿਥੇ ਸੀ ਤੇ ਕਿਥੇ ਪਹੁੰਚ ਗਏ-ਵਿਚਾਰਨ ਦੀ ਲੋੜ ਹੈ। ਕੋਈ ਸਮਾਂ ਸੀ ਮਾਵਾਂ ਅੰਮ੍ਰਿਤ ਵੇਲੇ ਉਠ ਕੇ ਘਰ ਦਾ ਕੰਮ ਕਾਜ ਕਰਦਿਆਂ ਸੁਖਮਨੀ ਪੜ੍ਹਦੀਆਂ ਸਨ। ਪ੍ਰੋ. ਪੂਰਨ ਸਿੰਘ ਆਪਣੀ ਕਵਿਤਾ 'ਘਰ ਕੀ ਗੀਹਨ ਚੰਗੀ'' ਵਿਚ ਪੰਜਾਬੀ ਮਾਤਾ ਦਾ ਇਕ ਭਰਪੂਰ ਸ਼ਬਦ ਚਿਤਰ ਖਿਚਦਾ ਹੈ, ਕਿ ਸਾਡੀਆਂ ਮਾਤਾਵਾਂ ਦੁੱਧਾਂ ਵਿਚ ਮਧਾਣੀਆਂ ਪਾਉਂਦੀਆਂ ਗੁਰਬਾਣੀ ਗਾਉਂਦੀਆਂ ਸਨ। ਬੱਚਾ ਜਦੋਂ ਸੁੱਤਾ ਉਠਦਾ ਸੀ, ਤਾਂ ਉਸ ਦੇ ਕੰਨੀ ਪਹਿਲੀ ਆਵਾਜ਼ ਗੁਰਬਾਣੀ ਦੀ ਕੋਈ ਤੁਕ ਪੈਂਦੀ ਸੀ। ਪਰ ਅੱਜ ਬੱਚੇ ਦੇ ਉਠਣ ਤੋਂ ਪਹਿਲਾਂ ਘਰ ਵਿਚ ਗਾਣੇ ਲੱਗ ਚੁੱਕੇ ਹੁੰਦੇ ਹਨ। ਬੱਚੇ ਦੇ ਕੰਨ ਉਠਦਿਆਂ ਹੀ ਗਾਣੇ ਸੁਣਦੇ ਹਨ, ਤੇ ਅੱਖਾਂ ਭੱਦੇ ਦ੍ਰਿਸ਼ ਦੇਖਦੀਆਂ ਹਨ। ਮਨੋਵਿਗਿਆਨ ਕਹਿੰਦਾ ਹੈ ਕਿ ਸੁਚੇਤ ਨਾਲੋਂ ਅਚੇਤ ਮਨ ਨੂੰ ਕੀਤੀ ਗਈ ਪ੍ਰੇਰਨਾ ਵਧੇਰੇ ਅਸਰਦਾਇਕ ਤੇ ਸਥਿਰ ਰਹਿਣ ਵਾਲੀ ਹੁੰਦੀ ਹੈ। ਰਾਤ ਨੂੰ ਸੌਂਦੇ ਸਮੇਂ ਤੇ ਸਵੇਰੇ ਉਠਣ ਸਮੇਂ ਸਾਡਾ ਸੁਚੇਤ ਮਨ ਆਲਸ ਵਿਚ ਹੁੰਦਾ ਹੈ, ਤੇ ਅਚੇਤ ਮਨ ਆਪਣਾ ਕੰਮ ਕਰ ਰਿਹਾ ਹੁੰਦਾ ਹੈ। ਅਜਿਹੇ ਸਮੇਂ ਮਨ ਨੂੰ ਦਿਤੀ ਕਿਸੇ ਵੀ ਪ੍ਰਕਾਰ ਦੀ ਪ੍ਰੇਰਨਾ ਵਧੇਰੇ ਸਮੇਂ ਤਕ ਰਹਿੰਦੀ ਹੈ। ਸੋ ਰਾਤੀ ਸੌਣ ਦਾ ਸਮਾਂ ਤੇ ਸਵੇਰੇ ਜਾਗਣ ਦਾ ਸਮਾ ਦੋ ਅਜਿਹੇ ਸਮੇਂ ਹਨ, ਜਦੋਂ ਚੇਤੰਨ ਤੌਰ ਤੇ ਬੱਚੇ ਨੂੰ ਗਲਤ ਪ੍ਰਭਾਵਾਂ ਤੋਂ ਬਚਾਉਣ ਦੀ ਲੋੜ ਹੈ। ਕਿਸੇ ਭੀ ਉਪਜ ਵਾਸਤੇ ਅਨੁਕੂਲ ਧਰਤੀ, ਅਨੁਕੂਲ ਵਾਤਾਵਰਣ, ਪਾਣੀ ਆਦਿ ਦੀ ਜ਼ਰੂਰਤ ਹੁੰਦੀ ਹੈ। ਧਰਮ ਦੀ ਉਪਜ ਵਾਸਤੇ ਅਨੁਕੂਲ ਵਾਤਾਵਰਣ ਇਹਨਾਂ ਦੋ ਵੇਲਿਆਂ ਦਾ ਹੈ। ਇਸੇ ਲਈ ਗੁਰੂ ਸਾਹਿਬ ਨੇ ਜੇ ਅੰਮ੍ਰਿਤ ਵੇਲਾ ਸੰਭਾਲਣ ਲਈ ਕਿਹਾ ਹੈ ਤਾਂ ਨਾਲ ਹੀ ਰਾਤੀਂ ਸੌਣ ਲਗਿਆਂ ਸੋਹਿਲਾ ਸਾਹਿਬ ਕਰਨ ਦਾ ਆਦੇਸ਼ ਵੀ ਦਿੱਤਾ ਹੈ। ਸੋ ਇਹ ਦੋ ਵੇਲੇ ਮਹੱਤਵਪੂਰਨ ਹਨ, ਜਦੋਂ ਅਸੀਂ ਆਪਣੇ ਬਚਿਆਂ ਨੂੰ ਸੰਭਾਲਣਾ ਹੈ। ਤੇ ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਇਹ ਕੰਮ ਕੇਵਲ ਤੇ ਕੇਵਲ ਮਾਂ-ਬਾਪ ਕਰ ਸਕਦੇ ਹਨ। ਮਾਂ-ਬਾਪ ਵਿਚੋਂ ਵੀ ਮਾਂ ਦੀ ਜ਼ਿਮੇਵਾਰੀ ਵਧੇਰੇ ਬਣ ਜਾਂਦੀ ਹੈ। ਕਿਉਂਕਿ ਇਹਨਾਂ ਵੇਲਿਆਂ ਤੇ ਮਾਂ ਹਮੇਸ਼ਾ ਬੱਚੇ ਦੇ ਕੋਲ ਹੁੰਦੀ ਹੈ। ਇਤਿਹਾਸ ਵਿਚ ਅਨੇਕਾਂ ਅਜਿਹੀਆਂ ਉਦਾਹਰਣਾਂ ਹਨ ਜਦੋਂ ਮਾਵਾਂ ਨੇ ਇਕੱਲੀਆਂ ਹੀ ਬਾਪ ਦੀ ਗੈਰ ਹਾਜ਼ਰੀ ਵਿਚ


www.AKJ.Org

ਬੱਚਿਆਂ ਨੂੰ ਅਜਿਹੀ ਟਰੇਨਿੰਗ ਦਿਤੀ, ਕਿ ਉਹ ਮਹਾਨ ਸਖਸ਼ੀਅਤਾਂ ਹੋ ਨਿਬੜੀਆਂ। ਜ਼ਿਕਰ ਆਉਂਦਾ ਹੈ, ਕਿ ਇਕ ਗਰੀਬ ਕਿਰਤੀ ਸਿੰਘ ਭਾਈ ਦਯਾਲ ਸਿੰਘ ਗੁਜ਼ਰ ਗਿਆ, ਤਾਂ ਉਸ ਦੀ ਸਿੰਘਣੀ ਨੇ ਆਪੇ ਬਾਪ-ਵਿਹੂਣੇ ਬੱਚੇ ਦਾ ਪਾਲਣ-ਪੋਸਣ ਇਸ ਸ਼ਾਨਦਾਰ ਢੰਗ ਨਾਲ ਕੀਤਾ, ਕਿ ਉਹ ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਹੋ ਨਿਬੜਿਆ। ਮਹਾਰਾਣੀ ਜਿੰਦਾਂ ਨੇ ਉਨੀ ਦੇਰ ਚੈਨ ਦਾ ਸਾਹ ਨਾ ਲਿਆ, ਜਿੰਨੀ ਦੇਰ ਤਕ ਉਸ ਨੇ ਦਲੀਪ ਸਿੰਘ ਨੂੰ ਮੁੜ ਸਿੱਖੀ ਸਰੂਪ ਵਿਚ ਨਹੀਂ ਦੇਖ ਲਿਆ। ਲੋੜ ਹੈ ਅੱਜ ਮਾਵਾਂ ਨੂੰ ਜੱਸਾ ਸਿੰਘ ਤੇ ਦਲੀਪ ਸਿੰਘ ਦੀਆਂ ਮਾਵਾਂ ਦੇ ਪੂਰਨਿਆਂ ਤੇ ਚੱਲਣ ਦੀ।

ਅਗਲਾ ਕੁਪ੍ਰਭਾਵ ਜੋ ਨੌਜਵਾਨਾਂ ਤੇ ਪੈਂਦਾ ਹੈ ਉਹ ਹੈ, ਟੀ.ਵੀ ਅਤੇ ਫਿਲਮਾਂ ਦਾ, ਤੇ ਫਿਰ ਇਹਨਾਂ ਦੋਹਾਂ ਰਾਹੀਂ ਫੈਸ਼ਨਪ੍ਰਸਤੀ ਦਾ, ਅੱਜ ਟੀ.ਵੀ ਕਲਚਰ ਦਾ ਯੁੱਗ ਹੈ। ਬੱਚੇ ਜੋ ਕੁਝ ਟੀ.ਵੀ ਤੇ ਦੇਖਦੇ ਹਨ, ਉਹੀ ਕਰਦੇ ਹਨ। ਐਡਵਾਂਸ ਅਖਵਾਉਣ ਦੇ ਚੱਕਰ ਵਿਚ ਧਰਮ ਤੋਂ ਬੇਮੁਖ ਹੋ ਬੈਠਦੇ ਹਨ। ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਪਤਿਤਪੁਣਾ ਵਧ ਰਿਹਾ ਹੈ। ਟੀ.ਵੀ ਉਪਰ ਫ਼ਿਲਮੀ ਸਿਤਾਰੇ ਭੱਦੇ ਨਾਚ ਨਚਦੇ ਨੌਜੁਵਾਨਾਂ ਦੀ ਕਾਮ ਵਾਸਨਾ ਨੂੰ ਉਕਸਾ, ਤੇ ਅਸ਼ਲੀਲਤਾ ਦੀ ਡੂੰਘੀ ਖੱਡ ਵਿਚ ਡੇਗ ਰਹੇ ਹਨ। ਨਤੀਜੇ ਵਜੋਂ ਕੌਮ ਦੀ ਤਾਕਤ ਨੂੰ ਇਹਨਾਂ ਨੌਜਵਾਨਾਂ ਨੂੰ ਸੰਭਾਲਣਾ ਔਖਾ ਹੋ ਰਿਹਾ ਹੈ। ਮੁਹੰਮਦ ਇਕਬਾਲ ਇਕ ਥਾਂ ਲਿਖਦੇ ਹਨ–

"ਕੌਮਾਂ ਤਲਵਾਰ ਦੇ ਨੇਜ਼ੇ ਦੀ ਸ਼ਕਤੀ ਤੋਂ ਬਣਦੀਆਂ ਹਨ, ਤੇ ਨਾਚ ਗਾਣਿਆਂ ਦੀ ਮਜਲਸ ਵਿਚ ਖਤਮ ਹੁੰਦੀਆਂ ਹਨ।"

ਫਿਕਰਮੰਦ ਹੋਣ ਦੀ ਲੋੜ ਹੈ ਕਿ ਕਿਧਰੇ ਅਸੀਂ ਮਹਿੰਗੇ ਮੁੱਲ ਲਈ ਸਿੱਖੀ ਨਾਚ ਗਾਣਿਆਂ ਵਿਚ ਤਾਂ ਨਹੀਂ ਗੁਆ ਰਹੇ ? ਇਸ ਵਿਚ ਕੋਈ ਸ਼ਕ ਨਹੀਂ ਕਿ ਅੱਜ ਦੇ ਯੁੱਗ ਵਿਚ ਨੌਜਵਾਨਾਂ ਨੂੰ ਟੀਂ ਵੀ ਵਲੋਂ ਮੋੜਨਾ ਇਕ ਕਠਿਨ ਕਾਰਜ ਹੈ। ਬੱਚੇ ਸਕੂਲ ਕਾਲਜ ਜਾਣ ਲਗਿਆਂ ਰਾਤੀਂ ਦੇਖੇ ਪ੍ਰੋਗਰਾਮ ਦੀਆਂ ਘਟਨਾਵਾਂ ਸਬਕ ਵਾਂਗ ਯਾਦ ਕਰਦੇ ਹਨ, ਤਾਂ ਕਿ ਕਿਧਰੇ ਸਾਥੀਆਂ ਵਿਚ ਉਹਦੀ ਹਾਸੋਹੀਣੀ ਸਥਿਤੀ ਨਾ ਬਣ ਜਾਵੇ। ਏਨਾ ਹੀ ਨਹੀਂ, ਬੜੀ ਵਾਰੀ ਅਧਿਆਪਕ ਵੀ ਟੀ. ਵੀ ਰਿਵੀਊ ਤਾਂ ਵਿਦਿਆਰਥੀਆਂ ਦੇ ਸਿਲੇਬਸ ਵਿਚ ਹੀ ਹੈ। ਅਜਿਹੇ ਮੌਕਿਆਂ ਤੇ ਟੀ. ਵੀ ਨਾ ਦੇਖਣ ਵਾਲਾ ਵਿਦਿਆਰਥੀ ਆਪਣੇ ਆਪ ਨੂੰ ਪਛੜਿਆ ਮਹਿਸੂਸ ਕਰਦਾ ਹੈ। ਸੋ ਇਸ ਬੰਨਿਓ ਵਿਦਿਆਰਥੀਆਂ ਨੂੰ ਮੋੜਨਾ ਮੁਸ਼ਕਲ ਹੈ, ਤੇ ਫਿਰ ਇਸ ਸਮਸਿਆ ਦਾ ਹੱਲ ਕਿਵੇਂ ਕੀਤਾ ਜਾਏ ? ਮੇਰੀ ਸਮਝ ਮੁਤਾਬਕ ਅੱਜ ਅਜਿਹੇ ਟੀ. ਵੀ ਪ੍ਰੋਗਰਾਮ ਤਿਆਰ ਕੀਤੇ ਜਾਣ ਦੀ ਲੋੜ ਹੈ ਜੋ ਧਰਮ ਦੀ ਸਹੀ ਸੋਝੀ ਕਰਵਾ ਸਕਣ। ਵਿਦੇਸ਼ਾਂ ਵਿਚ ਅਜਿਹੇ ਕਈ ਸਫ਼ਲ ਤਜਰਬੇ ਕੀਤੇ ਗਏ ਹਨ। ਏਥੇ ਵੀ ਆਪਣਾ ਪ੍ਰਾਈਵੇਟ ਚੈਨਲ ਸ਼ੁਰੂ ਕੀਤਾ ਜਾ ਸਕਦਾ ਹੈ। ਸਿੱਖ ਦਰਸ਼ਨ, ਸਿੱਖ ਨੈਤਿਕਤਾ, ਸਿੱਖੀ ਅਸੂਲਾਂ ਨਾਲ ਸਬੰਧਿਤ ਪ੍ਰੋਗਰਾਮ ਤਿਆਰ ਕਰ ਕੇ ਟੀ. ਵੀ ਤੇ ਦਿਖਾਏ ਜਾਣ ਤਾਂ ਨੌਜਵਾਨ ਸੁਭਾਵਕ ਹੀ ਇਸ ਪ੍ਰਭਾਵ ਨੂੰ ਕਬੂਲਣਗੇ। ਪਰੰਤੂ ਇਹ ਕੰਮ ਸ਼੍ਰੋਮਣੀ ਕਮੇਟੀ ਆਪਣੇ ਹੱਥਾਂ ਵਿਚ ਲਏ, ਤਾਂ ਹੀ ਇਸ ਦੀ ਸਹੀ ਵਰਤੋਂ ਹੋਏਗੀ, ਨਹੀਂ ਤਾਂ ਜਾਣੇ ਅਣਜਾਣੇ ਸਿੱਖ ਇਤਿਹਾਸ ਤੇ ਸਿੱਖ ਦਰਸ਼ਨ ਨਾਲ ਖਿਲਵਾੜ ਹੋਣ ਦਾ ਅੰਦੇਸ਼ਾ ਹੈ। ਸਿੱਖ ਵਿਚਾਰਧਾਰਾ ਤੇ ਸਿੱਖ ਸਭਿਆਚਾਰ ਤੋਂ ਨਾਵਾਕਫ਼ ਲੋਕ ਵੀ ਵਿਉਪਾਰਕ ਕਾਰਨਾਂ ਕਰਕੇ ਫ਼ਿਲਮਾਂ ਬਣਾਉਣ ਲਗ ਪੈਣਗੇ। ਸੋ ਬੜਾ ਸੰਭਲ ਕੇ ਚਲਣ ਦੀ ਜ਼ਰੂਰਤ ਹੈ।

ਇਸਦੇ ਨਾਲ ਨਾਲ ਸ਼੍ਰੋਮਣੀ ਕਮੇਟੀ ਨੂੰ ਗੁਰਮਤਿ ਸਬੰਧੀ ਹੋਰ ਲਿਟਰੇਚਰ ਛਾਪਣ ਦੀ ਜ਼ਰੂਰਤ ਹੈ। ਇਹ ਠੀਕ ਹੈ ਕਿ ਕੁਛ ਕੁ ਜਥੇਬੰਦੀਆਂ ਇਸ ਪਾਸੇ ਵਲ ਧਿਆਨ ਦੇ ਰਹੀਆਂ ਹਨ, ਪਰ ਅਜੇ ਹੋਰ ਯਤਨਾ ਦੀ ਲੋੜ ਹੈ। ਚੰਗੀਆਂ ਪੁਸਤਕਾਂ ਮਨੁੱਖ ਅੰਦਰ ਕ੍ਰਾਂਤੀਕਾਰੀ ਤਬਦੀਲੀ ਲਿਆਉਂਦੀਆਂ ਹਨ। ਭਾਈ ਵੀਰ ਸਿੰਘ ਦਾ ਨਾਵਲ 'ਸੁੰਦਰੀ' ਪੜ੍ਹ ਕੇ ਚਿਲਮਾਂ ਪੀਂਦਾ , ਕੇਸਾਂ ਦੀ ਬੇਅਦਬੀ ਕਰਦਾ ਇਕ ਸਿੱਖ ਅੰਮ੍ਰਿਤਧਾਰੀ ਹੋ ਗਿਆ ਸੀ। 'ਸਤਵੰਤ ਕੌਰ' ਨੇ ਕਈਆਂ ਨੂੰ ਧਰਮ ਵਾਲੇ ਪਾਸੇ ਪ੍ਰੇਰਿਆ। ਸੋ ਗੁਰਮਤਿ ਸਬੰਧੀ ਪ੍ਰਮਾਣੀਕ ਲਿਟਰੇਚਰ ਛਾਪਣ ਦੀ ਫੌਰੀ ਤੌਰ ਤੇ ਲੋੜ ਹੈ।



www.AKJ.Org

ਨੌਜਵਾਨਾਂ ਦੀ ਧਰਮ ਵਲੋਂ ਬੇਰੁਖੀ ਦਾ ਇਕ ਹੋਰ ਕਾਰਨ ਅਮਲੀ ਜੀਵਨ ਵਾਲੇ ਪ੍ਰਚਾਰਕਾਂ ਦੀ ਘਾਟ ਹੈ। ਪਹਿਲੀ ਗੱਲ ਤਾਂ ਇਹ ਕਿ ਸਾਡੇ ਧਰਮ ਦਾ ਪ੍ਰਚਾਰ ਹੋ ਹੀ ਬਹੁਤ ਘੱਟ ਰਿਹਾ ਹੈ। ਜਿਹੜਾ ਥੋੜ੍ਹਾ ਬਹੁਤ ਹੋ ਵੀ ਰਿਹਾ ਹੈ, ਉਹ ਕੇਵਲ 'ਰੋਟੀਆਂ ਕਾਰਣਿ ਪੂਰਹਿ ਤਾਲ' ਵਾਲੀ ਗੱਲ ਹੈ। ਜੋ ਮਨੁਖ ਹੋਰ ਕੁਝ ਨਹੀਂ ਕਰ ਸਕਦਾ, ਉਹ ਪ੍ਰਚਾਰਕ ਬਣ ਜਾਂਦਾ ਹੈ। ਜਿਹੜਾ ਥੋੜ੍ਹਾ ਬੋਲਣਾ ਸਿੱਖ ਲੈਂਦਾ ਹੈ ਉਹ ਲੈਕਚਰ ਦੇ ਕੇ ਪ੍ਰਚਾਰ ਕਰਨਾ ਸਿੱਖ ਲੈਂਦਾ ਹੈ। ਇਹੋ ਜਿਹੇ ਪ੍ਰਚਾਰਕ ਕੌਮ ਦਾ ਜੋ ਸੁਆਰ ਸਕਦੇ ਹਨ, ਉਹ ਸਾਹਮਣੇ ਹੈ। ਸਿੱਖ ਨੌਜਵਾਨਾਂ ਨੂੰ ਧਰਮ ਦੀ ਗੱਲ ਕਿਧਰੇ ਨਜ਼ਰ ਨਹੀਂ ਆਉਂਦੀ। ਜੇ ਥੋੜ੍ਹੀ ਬਹੁਤ ਕਿਧਰੇ ਨਜ਼ਰ ਆਉਂਦੀ ਹੈ, ਤਾਂ ਕੇਵਲ ਉਪਰੋਂ ਉਪਰੋਂ ਰਸਮਾਂ ਦੇ ਰੂਪ ਵਿਚ। ਨਤੀਜੇ ਵਜੋਂ ਉਹ ਧਰਮ ਨੂੰ ਪਖੰਡ ਸਮਝਣ ਲਗ ਪੈਂਦੇ ਹਨ। ਅਮਲੀ ਜੀਵਣ ਜਿਊਣ ਵਾਲਿਆਂ ਦੀ ਘਾਟ ਉਹਨਾਂ ਨੂੰ ਧਰਮ ਵਲੋਂ ਉਪਰਾਮ ਕਰ ਦੇਂਦੀ ਹੈ। ਸੋ ਸਾਨੂੰ ਗਿਆਨਵਾਨ, ਰਹਿਤ ਬਹਿਤ ਵਿਚ ਪੱਕੇ ਅਮਲੀ ਜੀਵਨ ਵਾਲੇ ਪ੍ਰਚਾਰਕਾਂ ਦੀ ਜ਼ਰੂਰਤ ਹੈ। ਅਜਿਹਾ ਕਰਨ ਲਈ ਸਾਨੂੰ ਪ੍ਰਚਾਰਕਾਂ ਨੂੰ ਰੋਟੀ ਦੇ ਮਸਲੇ ਤੋਂ ਚਿੰਤਾ-ਮੁਕਤ ਕਰਨਾ ਪਏਗਾ। ਦੂਸਰੇ, ਧਰਮ ਪ੍ਰਚਾਰ ਦਾ ਕੰਮ ਨਿਰੋਲ ਰੁਜ਼ਗਾਰੀ ਲੋਕਾਂ ਦੇ ਹੱਥਾਂ ਵਿਚ ਨਾ ਦੇ ਕੇ ਮੈਦਾਨ ਵਿਚ ਨਿਤਰਨਾ ਪਏਗਾ। ਜਿਤਨੀ ਦੇਰ ਤਕ ਅਸੀਂ ਆਪ ਗੁਰਮਤਿ ਦੇ ਧਾਰਨੀਂ ਨਹੀਂ ਬਣਦੇ, ਧਰਮੀ ਜੀਵਨ-ਜਾਚ ਨਹੀਂ ਅਪਣਾਉਂਦੇ, ਨਾਮ-ਰਸੀਏ-ਸਿਮਰਨ ਅਭਿਆਸੀ ਨਹੀਂ ਬਣਦੇ, ਉਤਨੀ ਦੇਰ ਗੱਲ ਬਣਦੀ ਨਹੀਂ। ਸੋ ਆਉ ! ਧਰਮ ਦਾ ਪ੍ਰਚਾਰ ਆਪਣੇ ਆਪ ਤੋਂ ਆਰੰਭੀਏ। ਨਮੂਨੇ ਦੀਆਂ ਜ਼ਿੰਦਗੀਆਂ ਘੜਨ ਲਈ ਆਪ ਮਾਡਲ ਬਣਨ ਦਾ ਯਤਨ ਕਰੀਏ। ਫਿਰ ਸਾਡਾ ਆਪਣਾ ਜੀਵਨ ਹੀ ਧਰਮ ਪ੍ਰਚਾਰ ਦਾ ਸਾਧਨ ਬਣੇਗਾ। ਸਿੱਖੀ ਪ੍ਰਚਾਰ ਦਾ ਅਰਥ ਕੇਵਲ ਸਿੱਖੀ ਸਰੂਪ ਵਾਲੇ ਬੰਦਿਆਂ ਵਿਚ ਵਾਧਾ ਕਰਨਾ ਨਹੀਂ, ਸਿੱਖੀ ਗੁਣਾਂ ਨੂੰ ਫੈਲਾਉਣਾ ਹੈ। ਜੇ ਸਾਡੇ ਪ੍ਰਭਾਵ ਹੇਠ ਸਿੱਖੀ ਪ੍ਰਚਾਰ ਦਾ ਅਰਥ ਕੇਵਲ ਸਿੱਖੀ ਸਰੂਪ ਵਾਲੇ ਬੰਦਿਆਂ ਵਿਚ ਵਾਧਾ ਕਰਨਾ ਨਹੀਂ, ਸਿੱਖੀ ਗੁਣਾਂ ਨੂੰ ਫੈਲਾਉਣਾ ਹੈ। ਜੇ ਸਾਡੇ ਪ੍ਰਭਾਵ ਹੇਠ ਸਿੱਖ ਹੋਇਆ ਮਨੁੱਖ ਪਹਿਲਾਂ ਨਾਲੋਂ ਘੱਟ ਕਰੋਧੀ, ਘੱਟ ਬੇਈਮਾਨ, ਨਹੀਂ ਹੁੰਦਾ ਤਾਂ ਸਮਝੋ ਸਾਡੇ ਆਪਣੇ ਜੀਵਨ ਵਿਚ ਕਿਤੇ ਕਮੀ ਹੈ। ਭਾਈ ਵੀਰ ਸਿੰਘ ਦਾ ਪ੍ਰੋ: ਪੂਰਨ ਸਿੰਘ ਦੇ ਸਿਰ ਤੇ ਹੱਥ ਫੇਰਨਾ ਹੀ ਜੇ ਪ੍ਰੋਫੈਸਰ ਸਾਹਿਬ ਨੂੰ ਸਿੱਖੀ ਸਰੂਪ ਬਖਸ਼ਦਾ ਹੈ ਤਾਂ ਅੱਜ ਸਾਡੇ ਵੱਡੇ ਵੱਡੇ ਲੈਕਚਰਾਰ ਐਸਾ ਕਿਉਂ ਨਹੀਂ ਕਰ ਸਕਦੇ- ਆਪਣੀ ਪੀੜ੍ਹੀ ਥਲੇ ਸੋਟਾ ਫੇਰਨ ਦੀ ਲੋੜ ਹੈ। ਕਿਸੇ ਦੂਸਰੇ ਤੇ ਉਂਗਲ ਉਠਾਉਣ ਤੋਂ ਪਹਿਲਾਂ ਆਪਣੇ ਅੰਦਰ ਝਾਤੀ ਮਾਰੀਏ। ਗੁਰੂ ਸਾਹਿਬ ਨੇ ਸਿੱਖੀ ਦਾ ਇਕ ਮਜ਼ਬੂਤ ਕਿਲ੍ਹਾ ਉਸਾਰ ਕੇ ਸਾਨੂੰ ਉਸ ਦੇ ਪਹਿਰੇਦਾਰ ਥਾਪਿਆ ਹੈ। ਜਿੰਨਾ ਮਜ਼ਬੂਤ ਕੋਈ ਕਿਲ੍ਹਾ ਹੋਏ ਉਨੇ ਹੀ ਚੇਤੰਨ ਪਹਿਰੇਦਾਰ ਦੀ ਲੋੜ ਹੁੰਦੀ ਹੈ। ਸੋ ਆਉ ! ਵੇਲਾ ਸੰਭਾਲੀਏ।

(ਪੰਨਾ ੧੯ ਦਾ ਬਾਕੀ)

ਆਪ ਜੀ ਨੇ ਉਹ ੫੭ ਸਲੋਕ ਜੋ ਸ੍ਰੀ ਗੁਰੂ ਗਰੰਥ ਸਾਹਿਬ ਦਾ ਭੋਗ ਪੈਣ ਸਮੇਂ ਪੜ੍ਹੇ ਜਾਂਦੇ ਹਨ, ਔਰੰਗਜ਼ੇਬ ਦੀ ਜੇਲ੍ਹ ਵਿਚ ਸ਼ਹੀਦੀ ਪਰਾਪਤ ਕਰਨ ਤੋਂ ਪਹਿਲਾਂ ਉਚਾਰਨ ਕੀਤੇ। ਇਹਨਾਂ ਸਲੋਕਾਂ ਵਿਚ ਆਪ ਨੇ ਆਪਣੇ ਜੀਵਨ-ਤਜਰਬੇ ਅਤੇ ਆਪਣੇ ਫ਼ਲਸਫ਼ੇ ਦਾ ਤੱਤ ਨਚੋੜ ਕੇ ਰਖ ਦਿਤਾ ਹੈ ਅਤੇ ਦੀਨ ਦੁਖੀ ਲਈ ਆਪਾ ਕੁਰਬਾਨ ਕਰਨ ਦਾ ਜਜ਼ਬਾ ਭਰ ਦਿਤਾ ਹੈ। ਦੁਨੀਆਦਾਰੀ ਵਲੋਂ ਨਿਰਮੋਹ ਹੋਇਆਂ ਬਿਨਾਂ ਕੁਰਬਾਨੀ ਨਹੀਂ ਹੋ ਸਕਦੀ। ਆਪ ਨੇ ਜੀਵ ਨੂੰ ਦੁਨੀਆ ਦੇ ਸਾਕਾਂ-ਸਬੰਧੀਆਂ, ਪਦਾਰਥਾਂ ਤੇ ਸੁਖਾਂ ਤੋਂ ਇਕ-ਦਮ ਨਿਰਮੋਹ ਹੋਣ ਦੀ ਪਰੇਰਨਾ ਤੇ ਵਾਹਿਗੁਰੂ ਦੇ ਸਿਮਰਨ ਵਿਚ ਨਿਮਗਨ ਹੋਣ ਦੀ ਜ਼ਬਰਦਸਤ ਤਾਕੀਦ ਕੀਤੀ ਹੈ।

ਗੁਰੂ ਤੇਗ ਬਹਾਦਰ ਜੀ ਸੰਸਾਰ ਦੇ ਸ਼ਹੀਦਾਂ ਦੀ ਕਤਾਰ ਵਿਚ ਇਸ ਵਾਸਤੇ ਮੋਹਰੇ ਖਲੋਤੇ ਦਿਸਦੇ ਹਨ ਕਿਉਂਕਿ ਆਪ ਨੇ ਦੀਨਾਂ, ਗਰੀਬਾਂ, ਨਿਮਾਣਿਆਂ ਦੇ ਲਤਾੜਿਆਂ ਦੀ ਰਖਿਆ ਖ਼ਾਤਰ, ਪਰਾਈ ਭੀੜਾ ਆਪਣੇ ਉਤੇ ਲੈ ਕੇ ਸ਼ਹਾਦਤ ਦਿਤੀ, ਜਿਸ ਲਈ ਸਾਰਾ ਭਾਰਤ ਤੇ ਖ਼ਾਸ ਕਰਕੇ ਹਿੰਦੂ ਜਾਤੀ ਆਪ ਦੀ ਸਦਾ ਰਿਣੀ ਰਹੇਗੀ।


www.AKJ.Org

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੈਰਾਗ, ਤਿਆਗ ਅਤੇ ਜੀਵਨ-ਤੱਤ

(ਵਲੋਂ:- ਅਜੀਤ ਕੌਰ ਲੁਧਿਆਣਾ)

ਮਹਾਨ ਸ਼ਖਸ਼ੀਅਤ, ਤੇਗ਼ ਦੇ ਧਨੀ, ਦੀਨਾ ਦੇ ਰਖਿੱਅਕ, ਦਇਆ ਦੀ ਮੂਰਤ, ਕਲਿਆਣਕਾਰੀ, ਮਹਾਨ-ਤਪੱਸਵੀ, ਬ੍ਰਹਮ ਗਿਆਨੀ, ਤਿਆਗੀ ਤੇ ਵੈਰਾਗੀ, ਪਰਉਪਕਾਰੀ, ਅਮਰਸ਼ਹੀਦ, ਹਿੰਦ ਦੀ ਚਾਦਰ ਨੌਵੇਂ ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਪੰਜਾਬ ਦੀ ਧਰਤੀ ਤੇ ਮੀਰੀ-ਪੀਰੀ ਦੀਆਂ ਤਲਵਾਰਾਂ ਦੇ ਧਾਰਨੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ 18 ਨਵੰਬਰ 1621 ਈ: ਨੂੰ ਅੰਮ੍ਰਿਤਸਰ ਵਿਖੇ ਹੋਇਆ। ਬਚਪਨ ਵਿੱਚ ਆਪ ਦਾ ਨਾਮ ਤਿਆਗ-ਮੱਲ ਸ਼ੀ ਪਰ ਕਰਤਾਰਪੁਰ ਦੇ ਯੁੱਧ ਵਿੱਚ ਤਲਵਾਰ ਦੇ ਜੌਹਰ ਦਿਖਾਉਣ ਕਰਕੇ ਆਪ ਜੀ ਦਾ ਨਾਮ ਤੇਗ਼ ਬਹਾਦਰ ਰੱਖ ਦਿੱਤਾ ਗਿਆ। ਮੁੱਢਲੀ ਵਿਦਿਆ ਦੇ ਨਾਲ ਨਾਲ ਆਪ ਜੀ ਨੇ ਆਪਣੇ ਧਰਮਵੀਰ ਪਿਤਾ ਜੀ ਪਾਸੋਂ ਆਤਮ ਵਿਦਿਆ ਤੇ ਸ਼ਾਸਤ੍ਰ ਵਿਦਿਆ ਪ੍ਰਾਪਤ ਕੀਤੀ। 1634 ਈ: ਵਿੱਚ ਆਪ ਜੀ ਦਾ ਵਿਆਹ ਕਰਤਾਰਪੁਰ ਵਿਖੇ ਗੁਜਰੀ ਜੀ ਨਾਲ ਹੋਇਆ। ਆਪ ਜੀ ਦੀ ਲਗਨ ਮੁੱਢ ਤੋਂ ਹੀ ਪ੍ਰਮਾਤਮਾ ਵੱਲ ਸੀ। ਮਨ ਨੀਵਾਂ ਤੇ ਮੱਤ ਉਚੀ ਆਪ ਜੀ ਦਾ ਜੀਵਨ ਸਿਧਾਂਤ ਸੀ।

1644 ਈ: ਵਿੱਚ ਪਿਤਾ ਜੀ ਦੇ ਗੁਰਪੁਰੀ ਸਿਧਾਰ ਜਾਣ ਉਪਰੰਤ ਆਪ ਆਪਣੇ ਨਾਨਕੇ ਪਿੰਡ ਬਕਾਲੇ ਚਲੇ ਗਏ। ਉਥੇ ਆਪ ਜੀ ਨੇ ੨੬ ਸਾਲ ੯ ਮਹੀਨੇ 13 ਦਿਨ ਤੱਕ ਭੋਰੇ ਵਿੱਚ ਬੈਠ ਕੇ ਤਪ ਕੀਤਾ ਜਿਸ ਨਾਲ ਆਪ ਜੀ ਨੂੰ ਬਹੁਤ ਆਤਮਕ ਅਡੋਲਤਾ ਪ੍ਰਾਪਤ ਹੋਈ।

ਆਪ ਜੀ ਦੇ 59 ਸ਼ਬਦ ਤੇ 75 ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਆਪ ਜੀ ਨੇ ਗੁਰਬਾਣੀ ਵਿੱਚ ਇੱਕ ਆਦਰਸ਼ਕ ਮਨੁੱਖ ਦਾ ਨਕਸ਼ਾ ਖਿੱਚਿਆ ਹੈ। ਆਪ ਦੀ ਸਾਰੀ ਬਾਣੀ ਵਿੱਚ ਸੰਤ ਸੁਭਾਵ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਪ੍ਰੋ: ਪੂਰਨ ਸਿੰਘ ਅਨੁਸਾਰ "ਗੁਰੂ ਜੀ ਦੀ ਬਾਣੀ ਦੁਖਾਂ ਲਈ ਇਕਾਂਤ ਵਿੱਚ ਵਹਾਏ ਗਏ ਹੰਝੂ ਹਨ"। ਆਪ ਦੀ ਬਾਣੀ ਵਿੱਚ ਬੱਦਲ ਵਰਗੀ ਨਮੀਂ ਹੈ। ਆਪ ਜੀ ਦਾ ਜੀਵਨ ਤੇ ਰਚਨਾ ਸਾਡਾ ਮਹਾਨ ਵਿਰਸਾ ਤੇ ਸਾਡੇ ਜੀਵਨ ਦਾ ਮਹਾਨ ਚਾਨਣ ਮੁਨਾਰਾ ਹੈ।

ਆਪ ਦੀ ਸਾਰੀ ਬਾਣੀ ਵੈਰਾਗ-ਰਸ ਨਾਲ ਭਰਪੂਰ ਹੈ। ਦੁਨਿਆਵੀ ਰੰਗ-ਤਮਾਸ਼ੇ ਤੇ ਮੋਹ-ਮਾਇਆ ਵਲੋਂ ਵੈਰਾਗ ਤੇ ਵਿਸ਼ੇ-ਵਿਕਾਰਾਂ ਤੇ ਮਾਇਆ ਦੇ ਭੋਗਾਂ ਵਲੋਂ ਤਿਆਗ ਦੀ ਭਾਵਨਾ ਪੈਦਾ ਕਰਨ ਲਈ ਆਪ ਜੀ ਨੇ ਬਾਣੀ ਦਾ ਉਚਾਰਨ ਕੀਤਾ। ਆਪ ਜੀ ਨੇ ਇਸ ਵੱਸਦੇ ਜਗਤ ਨੂੰ ਝੂਠਾ, ਮਿਥਿਆ ਤੇ ਧੂੰਏ ਦਾ ਪਹਾੜ ਤੇ ਸੁਪਨੇ ਸਮਾਨ ਆਖ ਕੇ ਇਸ ਦੀ ਪਰਕ੍ਰਿਤੀ ਬਾਰੇ ਆਪਣੇ ਵਿਚਾਰ ਅੰਕਤ ਕੀਤੇ ਹਨ। ਆਪ ਜੀ ਦਾ ਫੁਰਮਾਨ ਹੈ ਕਿ :-

"ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤ॥੪੯॥"
ਰਾਮ ਗਇਓ ਰਾਵਨੁ ਗਇਓ, ਜਾਕਉ ਬਹੁ ਪਰਵਾਰ॥
ਕਹੁ ਨਾਨਕ ਥਿਰ ਕਛੁ ਨਹੀ, ਸੁਪਨੇ ਜਿਉ ਸੰਸਾਰਿ॥"

ਇਥੇ ਤਿਆਗ ਤੋਂ ਇਹ ਭਾਵ ਨਹੀਂ ਕਿ ਦੁਨੀਆਂ ਦੇ ਧੰਦੇ ਛੱਡ ਕੇ ਜੰਗਲਾਂ ਵਿੱਚ ਵਾਸ ਕਰ ਲੈਣਾ। ਗੁਰੂ ਜੀ ਨੇ ਤਿਆਗ ਦਾ ਇਹ ਭਾਵ ਦਰਸਾਇਆ ਹੈ ਕਿ ਕਿਸੇ ਵਸਤੂ ਤੋਂ ਆਪਣਾ ਅਧਿਕਾਰ ਜਾਂ ਮਮਤਾ ਤਿਆਗ ਕੇ ਉਸਤੋਂ ਨਿਰਲੇਪ ਹੋ ਕੇ ਜੀਵਨ ਬਸਰ ਕਰਨਾ ਹੈ। ਆਪ ਜੀ ਦੀ ਬਾਣੀ ਵਿੱਚ ਮੋਹ-ਮਾਇਆ, ਸਕੇ-ਸੰਬੰਧੀ, ਇਸਤ੍ਰੀ-ਪੁੱਤਰ, ਭੈਣ-ਭਰਾ ਆਦਿ ਸਭ ਨਾਲੋਂ ਮੋਹ ਤੋੜ ਕੇ ਸੱਚੇ ਪ੍ਰਭੂ ਨਾਲ ਬਿਰਤੀ ਜੋੜ ਕੇ ਇੱਕਮਿੱਕ ਹੋਣ ਦਾ ਉਪਦੇਸ਼ ਦਿੱਤਾ ਹੈ।

ਰਾਗ ਸਾਰੰਗ ਵਿੱਚ ਆਪ ਜੀ ਦਾ ਫੁਰਮਾਨ ਹੈ:—

"ਹਰ ਬਿਨ ਤੇਰੋ ਕੋ ਨ ਸਹਾਈ। ਕਾਕੀ ਮਾਤ ਪਿਤਾ ਭਾਈ ਸੁਤ-ਬਨਿਤਾ,ਕੋ ਕਾਹੂ ਕੋ ਨਾਹੀ।"


www.AKJ.Org

ਆਪ ਮਨੁੱਖ ਦੀ ਹੋਂਦ ਪਾਣੀ ਦੇ ਬੁਲਬੁਲੇ ਦੀ ਨਿਆਂਈਂ ਦੱਸਦੇ ਹਨ ਅਤੇ ਇਸ ਸੰਸਾਰ ਦਾ ਨਾਸ਼ਵਾਨਤਾ ਬਾਰੇ ਦ੍ਰਿੜ ਕਰਵਾਉਂਦੇ ਹਨ। ਆਪ ਜੀ ਦਾ ਕਥਨ ਹੈ:–

"ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ, ਕਹੁ ਨਾਨਕ ਸੁਨ ਮੀਤ॥"

ਜੀਵ ਇਸ ਸੰਸਾਰ ਵਿੱਚ ਇਕੱਲਾ ਹੀ ਆਉਂਦਾ ਹੈ ਤੇ ਅਗਿਆਨ ਵੱਸ ਉਹ ਸੰਸਾਰੀ ਰਿਸ਼ਤਿਆਂ ਦੇ ਮੋਹ-ਜਾਲ ਵਿੱਚ ਫਸਕੇ ਆਪਣੇ ਪ੍ਰਭੂ-ਪਿਤਾ ਨੂੰ ਭੁੱਲ ਜਾਂਦਾ ਹੈ। ਆਪ ਜੀ ਨੇ ਸਲੋਕ ਮਹਲਾ ਨੌਵਾਂ ਵਿੱਚ ਇਸ ਵਿਚਾਰ ਤੇ ਇਸ ਤਰ੍ਹਾਂ ਚਾਨਣਾ ਪਾਇਆ ਹੈ:–

"ਧਨ ਦਾਰਾ ਸੰਪਤਿ ਸਗਲ, ਜਿਨਿ ਅਪੁਨੀ ਕਰਿ ਮਾਨਿ॥
ਇਨ ਮੈ ਕਛੁ ਸੰਗੀ ਨਹੀ, ਨਾਨਕ ਸਾਚੀ ਜਾਨਿ ॥੫॥"

ਮਨੁੱਖਾ ਜਨਮ ਪ੍ਰਾਪਤ ਕਰਕੇ ਉਸ ਅਕਾਲ ਪੁਰਖ ਦਾ ਸਿਮਰਨ ਨਹੀਂ ਕੀਤਾ ਸਗੋਂ ਝੂਠੇ ਲਾਲਚ ਲੱਗ ਕੇ ਇਸ ਨੂੰ ਬਿਅਰਥ ਗਵਾ ਲਿਆ ਹੈ। ਗੁਰੂ ਜੀ ਨੇ ਮਨੁੱਖ ਨੂੰ ਉਸਦੀ ਅਸਲੀ ਸਕਤੀ ਤੋਂ ਜਾਣੂ ਕਰਵਾਉਂਦਿਆਂ ਹੋਇਆ ਦੱਸਿਆਂ ਹੈ ਕਿ ਸੁੱਖ ਵਿੱਚ ਤਾਂ ਸਾਰੇ ਸਕੇ ਸੰਬੰਧੀ ਦੋਸਤ-ਮਿੱਤਰ, ਭੈਣ-ਭਰਾ ਢੁੱਕ -ਢੁੱਕ ਕੇ ਨੇੜੇ ਬੈਠਦੇ ਹਨ ਪਰ ਉਸ ਸਮੇਂ ਕੋਈ ਨੇੜੇ ਨਹੀਂ ਲੱਗਦਾ। ਉਸ ਸਮੇਂ ਸਾਰੇ ਸਾਥ ਛੱਡ ਜਾਂਦੇ ਹਨ। ਆਪ ਜੀ ਫੁਰਮਾਉਂਦੇ ਹਨ:–

ਸੁਖ ਮੈਂ ਬਹੁ ਸੰਗੀ ਭਏ, ਦੁਖ ਮੈਂ ਸੰਗੁ ਨ ਕੋਇ॥
ਕਹੁ ਨਾਨਕ ਹਰਿ ਭਜੁ ਮਨਾ, ਅੰਤਿ ਸਹਾਈ ਹੋਇ॥

ਉਹਨਾਂ ਤਾਂ ਇਥੋਂ ਤੱਕ ਮਨੁੱਖ ਨੂੰ ਹਲੂਣਾ ਦਿੱਤਾ ਹੈ ਕਿ ਹੇ ਮਨੁੱਖ । ਤੇਰੀ ਆਪਣੀ ਇਸਤ੍ਰੀ ਜੋ ਹਰ ਵੇਲੇ ਪਰਛਾਵੇਂ ਵਾਂਗ ਤੇਰੇ ਨਾਲ ਰਹਿੰਦੀ ਹੈ, ਜਦੋਂ ਤੇਰੇ ਸ਼ਰੀਰ ਵਿਚੋਂ ਤੇਰੀ ਆਤਮਾਂ ਉਡ ਜਾਵੇਗੀ ਤਾਂ ਉਹ ਵੀ ਭੂਤ ਭੂਤ ਕਰਕੇ ਤੇਰੇ ਤੋਂ ਦੂਰ ਭੱਜ ਜਾਵੇਗੀ। ਆਪ ਜੀ ਨੇ ਇਸ ਪ੍ਰਥਾਏ ਸ਼ਬਦ ਉਚਾਰਣ ਕੀਤਾ ਹੈ:-

"ਘਰ ਕੀ ਨਾਰ ਬਹੁਤ ਹਿਤ ਜਾ ਸਿਓ ਰਹਤ ਸਦਾ ਸੰਗ ਲਾਗੀ॥
ਜਬਹੀ ਹੰਸ ਤਜੀ ਇਹ ਕਾਇਆ, ਪ੍ਰੇਤ ਪ੍ਰੇਤ ਕਰਿ ਭਾਗੀ॥
ਇਨ ਬਿਧ ਕੋ ਬਿਓਹਾਰ ਬਨਿਓ ਹੈ ਜਾ ਸਿਓ ਨੇਹੁ ਲਗਾਇਓ॥
ਅੰਤਰ ਬਾਰ ਨਾਨਕ ਬਿਨ ਹਰਿ ਜੀਉ, ਕੋਊ ਕਾਮਿ ਨ ਆਇਓ॥"

ਗੁਰੂ ਤੇਗ ਬਹਾਦਰ ਜੀ ਨੇ ਮਨੁੱਖ ਨੂੰ ਸਦੀਵੀ ਸੱਚਾ ਗਿਆਨ ਦੇਣ ਲਈ ਠੋਕਰਾਂ ਮਾਰੀਆਂ ਹਨ ਤੇ ਸਮਝਾਇਆ ਹੈ ਕਿ ਅਜੇ ਵੀ ਕੁਝ ਨਹੀਂ ਵਿਗੜਿਆ ਮੋਹ-ਮਾਇਆ ਦਾ ਤਿਆਗ ਕਰ ਜਿਵੇਂ ਜਲ ਵਿੱਚ ਕਮਲ ਰਹਿੰਦਾ ਹੈ ਤੇ ਮੁਰਗਾਈ ਪਾਣੀ ਵਿੱਚ ਰਹਿੰਦੀ ਹੈ ਉਵੇਂ ਹੀ ਗ੍ਰਹਿਸਤ ਵਿੱਚ ਰਹਿਕੇ ਪ੍ਰਭੂ ਦਾ ਸਿਮਰਨ ਕਰ। ਸੰਸਾਰ ਵਿੱਚ ਵਿਚਰਦਿਆਂ ਹੋਇਆਂ ਪ੍ਰਮਾਤਮਾ ਨੂੰ ਆਪਣੇ ਧਿਆਨ ਦਾ ਕੇਂਦਰ-ਬਿੰਦੂ ਬਣਾ ਇਸ ਤਰ੍ਹਾਂ ਤੇਰਾ ਇਹ ਜੀਵਨ ਸਫ਼ਲ ਹੋ ਜਾਵੇਗਾ।

ਆਪ ਜੀ ਦੀ ਵੈਰਾਗ ਤੇ ਤਿਆਗ ਮਈ ਬਾਣੀ ਪੜ੍ਹ ਕੇ ਮਨੁੱਖ ਨੂੰ ਮਹਿਸੂਸ ਹੁੰਦਾ ਹੈ ਕਿ ਸੱਚ-ਮੁੱਚ ਹੀ ਇਹ ਸੰਸਾਰ ਝੂਠਾ ਹੈ। ਇਸ ਸਭ ਕੁਝ ਦਾ ਤਿਆਗ ਕਰਕੇ ਹੀ ਮਨੁੱਖ ਸੱਚੇ-ਪ੍ਰਭੂ ਦੇ ਸਿਮਰਨ ਵਿੱਚ ਬਿਰਤੀ ਜੋੜ ਸਕਦਾ ਹੈ ਅਤੇ ਇਸੇ ਸਦਕਾ ਹੀ ਜੀਵ ਦਾ ਉਧਾਰ ਹੋ ਸਕਦਾ ਹੈ।

ਸੰਸਾਰ ਵਿੱਚ ਜੋ ਕੁਝ ਹੋ ਰਿਹਾ ਹੈ, ਉਸਦੇ ਭਾਣੇ ਵਿੱਚ ਹੋ ਰਿਹਾ ਹੈ। ਇਸ ਲਈ ਮਨੁੱਖ ਨੂੰ ਕਿਸੇ ਗੱਲ ਦੀ ਚਿੰਤਾ ਨਹੀਂ ਕਰਨੀ ਚਾਹੀਦੀ। ਆਪ ਜੀ ਨੇ ਆਪਣੇ ਸਿੱਖਾਂ ਨੂੰ ਆਖਿਆ ਸੀ:—

"ਚਿੰਤਾ ਤਾਕੀ ਕੀਜੀਐ ਜੋ ਅਨਹੋਨੀ ਹੋਇ॥ ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥


www.AKJ.Org

ਇਸ ਲਈ ਅਚਿੰਤ ਹੋ ਕੇ ਪ੍ਰਭੂ ਦਾ ਸਿਮਰਨ ਕਰੋ ਕਿਉਂਕਿ ਇਸ ਸੰਸਾਰ ਵਿੱਚ ਜੋ ਜੀਵ ਪੈਦਾ ਹੋਇਆ ਹੈ ਉਸਨੇ ਬਿਨਸਣਾ ਹੈ। ਆਪ ਜੀ ਦਾ ਕਥਨ ਹੈ:-

"ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੇ ਕਾਲ॥ ਨਾਨਕ ਹਰਿ ਗੁਨ ਗਾਇਲੇ ਛਾਡ ਸਗਲ ਜੰਜਾਲ ॥"

ਗੁਰੂ ਜੀ ਨੇ ਆਪਣੀ ਬਾਣੀ ਵਿੱਚ ਮਨੁੱਖ ਨੂੰ ਹਰ ਸਥਿਤੀ ਵਿੱਚ ਅਡੋਲ ਰਹਿਣ ਦਾ ਉਪਦੇਸ਼ ਦਿੱਤਾ ਹੈ। ਆਪ ਨੇ ਦੁਖ-ਸੁਖ ਮਾਨ-ਅਪਮਾਨ, ਬਿਖ-ਅੰਮ੍ਰਿਤ, ਹਰਖ-ਸੋਗ, ਅਪਣਾ ਬਿਗਾਨਾ, ਉਸਤਤ-ਨਿੰਦਾ ਆਦਿ ਨੂੰ ਬਰਾਬਰ ਮੰਨਣ ਦਾ ਉਪਦੇਸ਼ ਵੀ ਦਿੱਤਾ ਹੈ। ਜਿਹੜਾ ਵਿਅਕਤੀ ਇਸ ਤਰ੍ਹਾਂ ਦਾ ਜੀਵਨ ਬਤੀਤ ਕਰਦਾ ਹੈ ਉਹ ਮੁਕਤੀ ਪ੍ਰਾਪਤ ਕਰਦਾ ਹੈ। ਆਪ ਜੀ ਦੀ ਬਾਣੀ ਵਿੱਚ ਅੰਕਤ ਹੈ:-

"ਉਸਤਤਿ ਨਿੰਦਾ ਦੋਊ ਤਿਆਗੈ, ਖੋਜੈ ਪਦ ਨਿਰਬਾਨਾ॥
ਕਹੁ ਨਾਨਕ ਇਹ ਖੇਲ ਕਠਿਨ ਹੈ, ਕਿਨਹੂ ਗੁਰਮੁਖਿ ਜਾਨਾ॥

ਆਪਣੀ ਬਾਣੀ ਵਿੱਚ ਪ੍ਰਮਾਤਮਾ ਦੀ ਪ੍ਰਾਪਤੀ ਲਈ ਕੇਵਲ ਨਾਮ ਸਿਮਰਨ ਤੇ ਬਲ ਦੇਣ ਲਈ ਆਖਿਆ ਹੈ। ਨਾਮ-ਜਪਣਾ ਹੀ ਮਨੁੱਖ ਦੇ ਜੀਵਨ ਦਾ ਪ੍ਰਮੁੱਖ ਮਨੋਰਥ ਹੈ। ਆਪ ਜੀ ਨੇ ਫੁਰਮਾਇਆ ਹੈ:-

(1) "ਸਾਧੋ ਗੋਬਿੰਦ ਕੇ ਗੁਣ ਗਾਵਉ॥ ਮਾਨਸ ਜਨਮੁ ਅਮੋਲਕ ਪਾਇਓ ਬਿਰਥਾ ਕਾਹਿ ਗਵਾਵਉ॥
(੨) ਰਾਮ ਭਜ ਰਾਮ ਭਜ ਜਨਮ ਸਿਰਾਤੁ ਹੈ॥ (ਪੰਨਾ ੧੩੫੨)
(3) ਗੁਨ ਗੋਬਿੰਦ ਗਾਇਓ ਨਹੀ, ਜਨਮ ਅਕਾਰਥ ਕੀਨੁ॥
ਕਹੁ ਨਾਨਕ ਹਰਿ ਭਜੁ ਮਨਾ ਜਿਹਿ ਬਿਧਿ ਜਲ ਕੋ ਮੀਨੁ॥੧॥
(4) ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ॥੪੫॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਸਪੱਸ਼ਟ ਕੀਤਾ ਹੈ ਕਿ ਹਰ ਪ੍ਰਕਾਰ ਦੇ ਕਰਮਕਾਂਡ ਤਿਆਗ ਕੇ ਕੇਵਲ ਪ੍ਰਮਾਤਮਾ ਦਾ ਨਾਮ ਜਪੋ। ਉਸ ਦੀ ਸ਼ਰਨ ਵਿੱਚ ਆਓ। ਉਸ ਨੂੰ 'ਘਟਿ ਘਟਿ ਮੇਂ ਹਰਿ ਜੂ ਬਸੈ' ਜਾਣੋ। ਦੁਖ-ਸੁਖ, ਮਾਨ-ਅਪਮਾਨ ਬਰਾਬਰ ਜਾਣੋ। ਫਿਰ ਗੁਰਮੁਖ ਪਦ ਪ੍ਰਾਪਤ ਹੋ ਜਾਵੇਗਾ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਅਧਿਐਨ ਤੋਂ ਕੁਝ ਅਮੋਲਕ ਤੱਥ ਨਿਖਰਕੇ ਸਾਹਮਣੇ ਆਉਂਦੇ ਹਨ ਜੋ ਇਸ ਪ੍ਰਕਾਰ ਹਨ:–

(1) ਨਾਮ ਸਿਮਰਨ ਇੱਕ ਸਰੇਸ਼ਟ ਸਾਧਨਾ ਹੈ। ਨਾਮ ਜਪਣ ਵਾਲਾ ਹੀ ਨਿਰਲੇਪ ਹੋ ਸਕਦਾ ਹੈ। ਉਹ ਦੁਖ-ਸੁਖ, ਮਾਨ-ਅਪਮਾਨ ਜੀਵਨ-ਮਰਨ ਸਭ ਪ੍ਰਕਾਰ ਦੀਆਂ ਸਥਿਤੀਆਂ ਵਿੱਚ ਅਡੋਲ ਰਹਿੰਦਾ ਹੈ। ਉਹ ਭਾਣੇ ਵਿੱਚ ਵਿਚਰਦਾ ਹੈ। ਉਸ ਦੀ ਸੁਰਤ ਪ੍ਰਭੂ ਚਰਨਾ ਨਾਲ ਜੁੜੀ ਰਹਿੰਦੀ ਹੈ। ਇਸ ਪ੍ਰਕਾਰ ਸਮ-ਬਿਰਤੀ ਵਾਲਾ ਮਨੁੱਖ ਗੁਰਮੁਖ ਬਣ ਜਾਂਦਾ ਹੈ ਤੇ ਜੀਵਨ ਮੁਕਤ ਹੋ ਜਾਂਦਾ ਹੈ। ਉਸ ਦੀ ਮਨੋਦਸ਼ਾ ਹਰ ਵੇਲੇ ਖੇੜੇ ਵਿੱਚ ਰਹਿਣ ਵਾਲੀ ਬਣ ਜਾਂਦੀ ਹੈ। ਉਸਦੀ ਦਸ਼ਾ 'ਨਾਨਕ ਭਗਤਾਂ ਸਦਾ ਵਿਗਾਸ' ਵਾਲੀ ਰਹਿੰਦੀ ਹੈ।

(੨) ਜੋ ਵੈਰਾਗੀ ਤੇ ਤਿਆਗੀ ਹੁੰਦਾ ਹੈ ਉਹੋ ਹੀ ਸਿਰ ਤੇ ਕਫ਼ਨ ਬੰਨ ਕੇ ਕੁਰਬਾਨੀ ਦੇਣ ਲਈ ਮੈਦਾਨ ਵਿੱਚ ਆਉਂਦਾ ਹੈ। ਉਹ ਸੱਚ, ਧਰਮ ਤੇ ਨਿਆਂ ਦੀ ਖਾਤਰ ਆਪਾਂ ਵਾਰਦਾ ਹੈ। ਉਹਨਾਂ ਨੇ ਆਪਣੇ ਸਿਖਾਂ ਨੂੰ ਦੁਨਿਆਵੀ ਸੰਬੰਧਾਂ ਤੇ ਗ੍ਰਿਹਸਤ ਦੇ ਸਾਥੀਆਂ ਦੀ ਸਵਾਰਥ ਭਰੀ ਸਾਂਝ ਨੂੰ ਝੂਠਾ ਦੱਸ ਕੇ ਨਿਰਮੋਹ ਬਣਾਉਣ ਦਾ ਉਪਰਾਲਾ ਕੀਤਾ। ਉਹਨਾਂ ਨੂੰ ਪਤਾ ਸੀ ਕਿ ਜ਼ਬਰ ਤੇ ਜ਼ੁਲਮ ਦਾ ਨਾਸ ਕਰਨ ਲਈ ਸੰਤ-ਸਿਪਾਹੀ ਹੀ ਨਿਤਰ ਸਕਦੇ ਹਨ। ਆਪ ਨੇ ਘਰਬਾਰ ਤਿਆਗ ਕੇ ਜੰਗਲਾਂ ਵਿੱਚ ਜਾ ਕੇ ਮੁਕਤੀ ਲਈ ਸਾਧਨਾ ਕਰਨ ਦੀ ਥਾਂ ਪ੍ਰਮਾਤਮਾ ਨੂੰ ਆਪਣੇ ਅੰਦਰੋਂ ਲੱਭਣ ਦਾ ਉਪਦੇਸ਼ ਦਿੱਤਾ ਤੇ ਨਿਰਭੈ ਹੋ ਕੇ ਜੀਉਣ ਦੀ ਜਾਂਚ ਦੱਸੀ। ਇਸੇ ਲਈ ਆਪ ਦੇ ਸਿਖਾਂ ਨੇ ਸਿਰਜ ਨਾਲ ਜ਼ਾਲਮ ਦੇ ਤਸੀਹੇ ਝੱਲ ਕੇ ਕੁਰਬਾਨੀਆਂ ਦਿੱਤੀਆਂ

(ਬਾਕੀ ਪੰਨਾ ੪੦ ਤੇ...)



www.AKJ.Org

# ਖਾਲਸੇ ਦੀ ਆਹਾਰ ਪਵਿਤ੍ਰਤਾ

ਅਕਾਲ ਪੁਰਖ ਦੇ ਦਰਬਾਰ ਦਾ ਇਹ ਪੱਕਾ ਨਿਯਮ ਹੈ ਕਿ ਉਥੇ ਹਰ ਮਨੁੱਖ ਦਾ, ਹਰ ਜੀਵ ਜੰਤੂ ਦਾ ਹਰ ਘੜੀ ਪਲ ਦਾ ਪੂਰਾ ਪੂਰਾ ਹਿਸਾਬ ਰਖਿਆ ਜਾਂਦਾ ਹੈ। ਜੋ ਵੀ ਕੰਮ ਜੀਵ ਕਰਦਾ ਹੈ। ਉਸ ਦੇ ਚੰਗੇ ਮਾੜੇ ਕੰਮਾਂ ਦਾ ਇਸ ਨੂੰ ਫਲ ਅਵਸ਼ ਮਿਲੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦਾ ਫੁਰਮਾਨ ਹੈ:-

ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ॥ (ਮਾਝ ਮਹਲਾ ੩, ਪੰਨਾ ੧੨੭)
ਲੇਖਾ ਰਬੁ ਮੰਗਸੀਆ, ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ, ਬਾਕੀ ਜਿਨਾ ਰਹੀ ॥ (ਰਾਮਕਲੀ ਵਾਰ ਮਹਲਾ ੧, ਪੰਨਾ ੯੫੩.)

ਜਿਹੜੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੀ ਪਰਵਾਹ ਨਹੀਂ ਕਰਦੇ ਅਤੇ ਸਿੱਖ ਸਤਿਗੁਰਾਂ ਦੇ ਹੁਕਮਨਾਮਿਆਂ, ਰਹਿਤਨਾਮਿਆਂ ਵਿਚ ਅੰਕਿਤ ਉਪਦੇਸ਼ਾਂ ਨੂੰ ਦਿਲ ਵਿਚ ਨਹੀਂ ਵਸਾਉਂਦੇ ਉਹ ਮੰਦ ਭਾਗੇ ਪੁਰਸ਼ ਹਨ। ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਤੋਂ ਗੁਰਸਿੱਖਾਂ ਨੂੰ ਪ੍ਰੇਰਨਾ ਤੇ ਸੇਧ ਲੈਣੀ ਅਤੀ ਜ਼ਰੂਰੀ ਹੈ। ਭਗਤ ਕਬੀਰ ਜੀ ਦਾ ਫੁਰਮਾਨ ਹੈ:-

ਅਲਹ ਅਵਲਿ ਦੀਨ ਕੋ ਸਾਹਿਬ ਜੋਰੁ ਨਹੀ ਫੁਰਮਾਵੈ ॥੧॥ (ਆਸਾ ਕਬੀਰ ਜੀ, ਪੰਨਾ ੪੮੦)

ਜਿਸ ਦਾ ਭਾਵ ਇਹ ਹੈ ਕਿ ਕਮਜੋਰ ਅਤੇ ਨਿਰਮਲ ਜੀਵਾਂ ਦੇ ਮਾਲਕ ਅਕਾਲ ਪੁਰਖ ਦਾ ਹੁਕਮ ਇਹ ਹੈ ਕਿ ਕਮਜ਼ੋਰਾਂ ਉਤੇ ਜੁਲਮ ਤੇ ਅਤਿਆਚਾਰ ਨਾ ਕੀਤਾ ਜਾਵੇ।

ਹਰ ਇਕ ਜੀਵ ਨੂੰ ਆਪਣੀ ਜਾਨ ਪਿਆਰੀ ਹੈ ਭਾਵੇਂ ਉਹ ਮਨੁੱਖ ਹੈ, ਭਾਵੇਂ ਪਸ਼ੂ ਜਾਂ ਪੰਛੀ ਹੈ। ਕੋਈ ਵੀ ਅਜਾਂਈ ਮਰਨਾ ਨਹੀਂ ਚਾਹੁੰਦਾ। ਕਿਸੇ ਦੀ ਜਾਨ ਲੈਣਾ ਉਸ ਉਤੇ ਜੁਲਮ ਕਰਨਾ ਹੈ। ਮਾਸ ਖਾਣ ਵਾਸਤੇ ਜਿਹੜੇ ਵਿਅਕਤੀ ਜੀਵਾਂ ਨੂੰ ਜਿਬਹ ਕਰਦੇ ਹਨ ਉਹ ਬੇਜ਼ਬਾਨ ਕੁਕੜਾਂ, ਬਕਰਿਆਂ, ਤਿਤਰਾਂ, ਬਟੇਰਿਆਂ, ਮਛੀਆਂ ਨੂੰ ਵੱਢ ਟੁੱਕ ਕੇ, ਉਨ੍ਹਾਂ ਦਾ ਮਾਸ ਰਿੰਨ ਕੇ ਸੁਆਦ ਲਾ ਕੇ ਖਾਂਦੇ ਹਨ, ਉਨ੍ਹਾਂ ਨੂੰ ਪਤਾ ਲਗੇਗਾ ਜਦੋਂ ਕੀਤੇ ਪਾਪਾਂ ਦਾ ਸਰਬ-ਸ਼ਕਤੀਮਾਨ ਵਾਹਿਗੁਰੂ ਦੀ ਦਰਗਾਹ ਵਿਚ ਹਿਸਾਬ ਦੇਣਾ ਪਵੇਗਾ। ਭਗਤ ਕਬੀਰ ਜੀ ਦਾ ਫੁਰਮਾਨ ਸਹੀ ਫੈਸਲਾ ਹੈ:-

ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥
ਦਫਤਰ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥੨੦੦॥ (ਸਲੋਕ ਕਬੀਰ ਜੀ, ਪੰਨਾ ੧੩੭੫)

ਪਰਮਾਤਮਾ ਦੇ ਸੱਚੇ ਦਰਬਾਰ ਵਿਚ ਕਿਸੇ ਦਾ ਲਿਹਾਜ਼ ਨਹੀਂ ਹੋਣਾ। ਕਿਸੇ ਨਾਲ ਰਿਆਇਤ ਨਹੀਂ ਹੋਵੇਗੀ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:-

ਪੂਰਾ ਨਿਆਉ ਕਰੇ ਕਰਤਾਰੁ॥ (ਪੰਨਾ ੧੯੯)

ਪਰਮਾਤਮਾ ਦੇ ਦਰਬਾਰ ਵਿਚ ਸਭ ਨੂੰ ਲੇਖਾ ਦੇਣਾ ਪਵੇਗਾ—

ਸਭਨਾ ਕਾ ਦਰਿ ਲੇਖਾ ਹੋਇ ॥ (ਪੰਨਾ ੯੫੨)

ਭਗਤ ਕਬੀਰ ਜੀ ਦਾ ਫੁਰਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅੰਦਰ ਪੰਨਾ ੧੩੭੭ ਉਤੇ "ਸਲੋਕ ਕਬੀਰ ਜੀ" ਦੇ ਸਿਰਲੇਖ ਹੇਠ ਅੰਕਿਤ ਹੈ:-

ਕਬੀਰ ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਹਿ ॥

ਮਾਸ (ਭਾਂਗ), ਮੱਛੀ (ਮਾਛੁਲੀ), ਸਰਾਬ ਦੀ ਜਿਹੜੇ ਲੋਕ ਵਰਤੋਂ ਕਰਦੇ ਹਨ ਉਹਨਾਂ ਨੇ ਜੋ ਤੀਰਥਾਂ ਉਤੇ ਜਾ ਕੇ ਕੀਤੇ ਪੁੰਨ, ਦਾਨ, ਨੇਮ ਅਤੇ ਕਰਮ ਧਰਮ ਸਭ ਨਿਸਫਲ ਹੋ ਜਾਂਦੇ ਹਨ। ਉਨ੍ਹਾਂ ਦੇ ਕੀਤੇ ਕਰਮ ਫੋਕਟ ਬਣ ਜਾਂਦੇ ਹਨ।


www.AKJ.Org

ਜੇਕਰ ਕਿਸੇ ਰਾਗੀ ਦਾ ਗਲਾ ਸੁਰੀਲਾ ਹੈ, ਉਹ ਚੰਗਾ ਕੀਰਤਨੀਆ ਹੈ, ਬਾਣੀ ਕੰਠ ਹੈ, ਪਰ ਮਾਸ ਸ਼ਰਾਬ ਦੀ ਵਰਤੋਂ ਕਰਦਾ ਹੈ ਉਸ ਦੀ ਕੀਰਤੀ, ਪੜੀ ਹੋਈ ਬਾਣੀ ਭੰਗ ਦੇ ਭਾੜੇ ਚਲੀ ਜਾਂਦੀ ਹੈ ਅਤੇ ਕਿਸੇ ਲੇਖੇ ਨਹੀਂ। ਅਜਿਹੇ ਅਖਾਉਤੀ ਕੀਰਤਨੀਏ ਦਾ ਇਹ ਕਿਰਦਾਰ "ਰੋਟੀਆਂ ਕਾਰਣਿ ਪੂਰਹਿ ਤਾਲ" ਤੋਂ ਵੱਧ ਕੁਝ ਵੀ ਨਹੀਂ। ਇਹੋ ਜਿਹੇ ਰਾਗੀ ਤੇ ਪਰਚਾਰਕ ਨਿੱਜੀ ਸੁਆਰਥ ਹਿਤ ਮਨਮਤਿ ਨੂੰ ਸਹਿ ਦਿੰਦੇ ਹਨ। ਜੀਭ ਦੇ ਸੁਆਦ ਮਗਰ ਲਗ ਕੇ ਗੁਰਮਤਿ ਧਰਮ ਦੇ ਅਸੂਲਾਂ ਦਾ ਘਾਤ ਨਹੀਂ ਕਰਨਾ ਚਾਹੀਦਾ।

ਕਿਸੇ ਵੀ ਜੀਵ ਨੂੰ ਮਾਰੇ ਬਗੈਰ ਜਾਂ ਵੱਢੇ ਬਗੈਰ ਉਸ ਦਾ ਮਾਸ ਪਰਾਪਤ ਨਹੀਂ ਹੁੰਦਾ ਅਤੇ ਕਿਸੇ ਜੀਵ ਦੀ ਹਤਿਆ ਉਹੋ ਵਿਅਕਤੀ ਕਰ ਸਕਦਾ ਹੈ ਜਿਹੜਾ ਦਇਆ ਤੋਂ ਕੋਰਾ ਹੋਵੇ, ਬੇਫਿਕਰ ਹੋਵੇ। ਜਿਸ ਵਿਅਕਤੀ ਵਿਚ ਦਇਆ ਨਹੀਂ ਉਸ ਨੂੰ ਕਦੇ ਵੀ ਸਾਂਤੀ ਤੇ ਚੈਨ ਨਹੀਂ ਮਿਲ ਸਕਦਾ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:-

ਮਨਿ ਸੰਤੋਖੁ ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ ॥

(ਥਿਤੀ ਗਉੜੀ ਮ:੫, ਪੰਨਾ ੨੯੯)

ਚੈਨ ਤੇ ਟਿਕਾਉ ਕੇਵਲ ਉਸ ਮਨੁੱਖ ਦੇ ਮਨ ਵਿਚ ਆ ਸਕਦਾ ਹੈ ਜਿਸ ਦੇ ਦਿਲ ਵਿਚ ਮਸੂਮ ਬੇ ਜ਼ੁਬਾਨ ਜੀਵਾਂ ਲਈ ਰਹਿਮ ਤੇ ਦਇਆ ਹੋਵੇਗੀ। ਧੁਰ ਕੀ ਬਾਣੀ ਨੇ ਇਸ਼ਾਰਿਆਂ ਸੰਕੇਤਾਂ, ਪ੍ਰਤੀਕਾਂ, ਪ੍ਰਮਾਣਾਂ ਨਾਲ ਜੀਵ ਨੂੰ ਬਾਰ ਬਾਰ ਸਮਝਾਇਆ ਹੈ ਕਿ ਉਹ ਰੱਬ ਦੇ ਭੈ ਵਿਚ ਰਹੇ, ਨਿਰਮਲ ਕਰਮ ਕਰੇ ਪਰ ਇਹ ਮਨੁੱਖ ਗੁਰ ਉਪਦੇਸ਼ ਨੂੰ ਸੁਣਦਾ ਨਹੀਂ, ਭੱਖ, ਅਭੱਖ ਸਭ ਨੂੰ ਖਾਈ ਜਾ ਰਿਹਾ ਹੈ। ਪਵਿੱਤਰਤਾ ਇਸ ਦੇ ਨੇੜੇ ਨਹੀਂ ਜਾਂਦੀ। ਪਰਮਾਤਮਾ ਦੇ ਦਰਬਾਰ ਵਿਚ, ਨਿੱਜ ਘਰ ਵਿਚ ਜਾਣ ਵਾਸਤੇ ਵਿਅਕਤੀ ਲਈ ਜਰੂਰੀ ਹੈ ਕਿ ਉਹ ਕਿਸੇ ਵੀ ਜੀਵ ਨੂੰ ਰਤਾ ਭਰ ਵੀ ਦੁੱਖ ਨਾ ਦੇਵੇ। ਇਹ ਅਟੱਲ ਸਚਾਈ ਹੈ ਕਿ ਬੇਗੁਨਾਹ, ਮਸੂਮ ਜੀਵਾਂ ਉਤੇ ਦਇਆ ਕਰਨ ਵਾਲਿਆਂ ਨੂੰ ਅਠ ਸਠ (ਅਠਾਹਠ) ਤੀਰਥਾਂ ਦੇ ਸਾਰੇ ਪੁੰਨਾਂ ਦਾ ਫਲ ਮਿਲ ਜਾਂਦਾ ਹੈ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਅਟੱਲ ਸਚਾਈ ਨੂੰ ਰੂਪਮਾਨ ਕੀਤਾ ਹੈ:-

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ (ਬਾਰਾ ਮਾਹ ਮਾਝ ਪੰਨਾ ੧੩੬)

ਭਗਤ ਕਬੀਰ ਜੀ ਦਾ ਸ਼ਪਸ਼ਟ ਫੈਸਲਾ ਹੈ ਕਿ ਰੱਬ ਦੇ ਬਣਾਏ ਹੋਏ ਜੀਵਾਂ ਉਤੇ ਤਰਸ ਕਰਨ ਵਾਲੇ ਅਤੇ ਹੰਕਾਰ ਨੂੰ ਮਾਰਨ ਵਾਲੇ ਵਿਅਕਤੀ ਨੂੰ ਖਸਮ (ਪਰਮਾਤਮਾ) ਦੀ ਪਛਾਣ ਹੁੰਦੀ ਹੈ:-

ਖਸਮੁ ਪਛਾਨਿ, ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ ॥ (ਆਸਾ ਕਬੀਰ ਜੀ ੪੮੦)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸ੍ਰੀ ਕਲਗੀਧਰ ਪਾਤਸ਼ਾਹ ਜੀ ਨੇ ਸਾਵਧਾਨੀ ਨਾਲ ਤਾੜਨਾ ਕੀਤੀ ਹੈ:-

ਮਜ਼ਨ ਤੇਗ ਬਰ ਖ਼ੂਨਿ ਕਸ ਬੇਦਰੇਗ ॥

ਤੁਰਾ ਨੀਜ਼ ਖ਼ੂੰ ਚਰਖ਼ ਰੇਜ਼ਦ ਬਹ-ਤੇਗ ॥ (ਜ਼ਫਰਨਾਮਾ)

ਇਸ ਦਾ ਅਰਥ ਹੈ ਕਿ ਕਿਸੇ ਦੇ ਵੀ ਗਲੇ ਉਤੇ ਬੇਦਰੇਗ ਛੁਰੀ ਦਾ ਚਲਾ। ਤੇਰੇ ਆਪਣੇ ਗਲੇ ਉਤੇ ਵੀ ਕਿਸੇ ਦਿਨ ਕੁਦਰਤ ਦੀ ਛੁਰੀ ਚਲੇਗੀ।

ਗੁਰਮਤਿ ਧਰਮ ਵਿਚ ਕਿਸੇ ਨੂੰ ਮਾਰਨਾ ਪਾਪ ਦਸਿਆ ਹੈ ਅਤੇ ਕਿਸੇ ਨੂੰ ਮਾਰਨ ਦੀ ਥਾਵੇਂ ਆਪਾ ਭਾਵ, ਤਕਬਰੀ, ਹਉਮੈ, ਖੁਦੀ, ਹੰਕਾਰ ਨੂੰ ਮਾਰਨ ਦੀ ਸਿਖਿਆ ਦਿਤੀ ਗਈ ਹੈ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਅਤੀ ਧਿਆਨ ਜੋਗ ਹੈ:-

ਆਪਿ ਮਰੈ ਅਵਰਾ ਨਹ ਮਾਰੈ ॥੩॥ (ਭੈਰਉ ਮਹਲਾ ੩ ਪੰਨਾ ੧੧੨੮)

ਗੁਰਸਿੱਖ ਅਖਵਾਣ ਵਾਲੇ ਕਈ ਬੰਦੇ ਖਾਣ ਯੋਗ ਅਤੇ ਨਾ ਖਾਣ ਯੋਗ ਭੱਖ ਅਤੇ ਅਭੱਖ ਸਭ ਪਦਾਰਥਾਂ ਨੂੰ ਬਿਨਾਂ ਸੋਝੀ ਦੇ, ਬਿਨਾਂ ਸੋਚੇ ਸਮਝੇ ਤੇ ਵਿਚਾਰ ਦੇ ਖਾਈ ਜਾ ਰਹੇ ਹਨ। ਸ਼ਰਮ, ਹਯਾ, ਧਰਮ, ਕਰਮ, ਸੁੱਚ, ਸੰਜਮ, ਪਵਿੱਤ੍ਰਤਾ ਇਕ ਪਾਸੇ ਰਹਿ ਗਈ ਹੈ। ਜੀਭ ਦੇ ਸੁਆਦਾਂ ਵਿਚ ਫਸੇ ਹੋਏ ਜੋ ਆਉਂਦਾ


www.AKJ.Org

ਹੈ ਸਭ ਛਕੀ ਜਾ ਰਹੇ ਹਾਂ। ਕੁੱਤਿਆਂ ਵਾਂਗ ਭੱਖ, ਅਭੱਖ, ਦੀ ਤਮੀਜ਼ ਤੋਂ ਬਗੈਰ ਸਭ ਕੁਝ ਚਟਮ ਕਰੀ ਜਾ ਰਹੇ ਹਾਂ। ਗੁਰਬਾਣੀ ਦਾ ਫੁਰਮਾਨ ਸਾਡੇ ਉਤੇ ਸਹੀ ਢੁਕਦਾ ਹੈ:-

ਜਿਉਂ ਕੂਕਰੁ ਹਰਕਾਇਆ, ਧਾਵੈ ਦਹਦਿਸ ਜਾਇ॥
ਲੋਭੀ ਜੰਤੁ ਨ ਜਾਣਈ, ਭਖੁ ਅਭਖੁ ਸਭ ਖਾਇ ॥ (ਸਿਰੀ ਰਾਗ ਮਹਲਾ ੫ ਪੰਨਾ ੪੦)

ਮਨੁੱਖ ਦੇ ਖਾਣ ਯੋਗ ਪਦਾਰਥਾਂ ਨੂੰ ਭੱਖ ਅਤੇ ਨਾ ਖਾਣ ਯੋਗ ਪਦਾਰਥਾਂ ਨੂੰ 'ਅਭੱਖੁ' ਕਿਹਾ ਗਿਆ ਹੈ। ਖਾਣ ਯੋਗ ਪਦਾਰਥ ਸਾਤਵਿਕ ਭੋਜਨ ਅਖਵਾਉਂਦਾ ਹੈ। ਨਾ ਖਾਣ ਯੋਗ ਭੋਜਨ ਨੂੰ ਤਾਮਸਿਕ ਭੋਜਨ ਕਿਹਾ ਜਾਂਦਾ ਹੈ। ਭਖੁ ਭੋਜਨ ਦੀ ਸ੍ਰੇਣੀ ਵਿਚ ਦੁੱਧ, ਘਿਉ, ਮੱਖਣ, ਪਨੀਰ, ਦਹੀਂ, ਲੱਸੀ, ਚਾਵਲ, ਦਾਲਾਂ, ਅਨਾਜ਼, ਸਬਜੀਆਂ ਤੇ ਫਲ ਆਉਂਦੇ ਹਨ। ਅਭੱਖੁ ਭੋਜਨ ਦੀ ਸ੍ਰੇਣੀ ਵਿਚ ਆਂਡੇ, ਸ਼ਰਾਬ, ਮੱਛੀ, ਤਮਾਕੂ, ਭੰਗ, ਅਫੀਮ, ਸਮੈਕ, ਗਾਂਜਾ, ਚਰਸ, ਪੋਸਤ, ਹੈਰੋਇਨ ਆਦਿ ਆਉਂਦੇ ਹਨ। ਇਹ ਚਟਪਟੇ ਤੇ ਮਸਾਲੇ ਦਾਰ ਭੋਜਨ ਹਨ ਜਿਨਾਂ ਦੇ ਸੇਵਨ ਨਾਲ ਮਨ ਵਿਚ ਵਕਾਰ ਪੈਦਾ ਹੁੰਦੇ ਹਨ। ਗੁਰਸਿੱਖਾਂ ਨੂੰ ਸਾਤਵਿਕ ਭੋਜਨ, ਅਨਾਜ, ਫਲ, ਸਬਜ਼ੀਆਂ, ਦੁੱਧ ਦਾ ਸੇਵਨ ਕਰਨਾ ਚਾਹੀਦਾ ਹੈ।

ਗੁਰਸਿਖ ਅਤੇ ਨਸ਼ੇ ਇੱਕਠੇ ਨਹੀਂ ਰਹਿ ਸਕਦੇ। ਨਸ਼ੇ ਪੀਣ ਵਾਲਾ ਖਾਲਸਾ ਕਿਵੇਂ ਕਹਿਲਾ ਸਕਦਾ ਹੈ। ਹੰਭਲਾ ਮਾਰੋ, ਨਸ਼ਿਆਂ ਦਾ ਫਸਤਾ ਵਢੋ। ਗੁਰੂ ਕਲਗੀਧਰ ਸਤਿਗੁਰੂ ਜੀ ਦਾ ਹੱਠੀ, ਫੌਲਾਦੀ, ਪਵਿੱਤਰ ਤੇਜ਼ਮਈ ਸੂਰਬੀਰ ਖਾਲਸਾ ਬਣੋ, ਰਹਿਤਾਂ ਨੂੰ ਅਪਨਾਓ ਕੁਰਹਿਤਾਂ ਤੋਂ ਦੂਰ ਰਹੋ। ਪੰਜ ਕਕਾਰੀ ਰਹਿਤਾਂ ਦੇ ਧਾਰਨੀ ਬਣੋ। ਪੰਜ ਬਾਣੀਆਂ ਦੇ ਨਿਤਨੇਮੀ ਬਣੋ। ਖੰਡੇ ਦੀ ਪਾਹੁਲ, ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਵੋ। ਚੜਦੀ ਕਲਾ ਵਾਲਾ ਗੁਰੂ ਕਦੇ ਨਹੀਂ ਚਾਹੁੰਦਾ ਕਿ ਉਸ ਦੀ ਔਲਾਦ ਢਹਿੰਦੀ ਕਲਾ ਵਾਲੀ ਹੋਵੇ ? ਖਾਲਸਾ ਦਸਮੇਸ਼ ਸਤਿਗੁਰੂ ਜੀ ਦਾ ਖਾਸ ਰੂਪ ਹੈ। ਖਾਸ ਰੂਪ ਕੁਰਹਿਤੀਆ ਨਹੀਂ ਹੋ ਸਕਦਾ। ਖਾਸ ਰੂਪ ਨਸ਼ਈ ਨਹੀਂ ਹੋ ਸਕਦਾ। ਖਾਸ ਰੂਪ ਗੁਰਬਾਣੀ ਦਾ ਰਸੀਆ, ਅੰਮ੍ਰਿਤ ਪੀਣ ਵਾਲਾ, ਸਰਬ ਲੋਹੀ ਸ਼ਕਤੀ ਨਾਲ ਲੈਸ਼, ਫੋਲਾਦੀ ਖੰਡੇ ਬਾਟੇ ਵਾਲਾ, ਸਰਬ ਲੋਹ ਦੀ ਘਾਸ ਤੋਂ, ਸਰਬ ਲੋਹ ਦੀ ਧਾਰ ਤੋਂ ਅਮਰ ਕਰਨ ਵਾਲਾ ਅੰਮ੍ਰਿਤ ਪੀ ਕੇ ਚੁਰਾਸੀ ਤੋਂ ਵਖਰਾ ਰਹਿ ਕੇ, ਸੋਲਾਂ ਕਲਾਂ ਸੰਪੂਰਨ ਫਲਿਆ, ਪਵਿੱਤਰ ਪੁਰਸ਼, ਦਸਮੇਸ਼ ਜੀ ਦਾ ਬਾਂਕਾ ਸੂਰਬੀਰ ਸੰਤ ਸਿਪਾਹੀ, ਸਤਿ ਸਰੂਪ ਅਕਾਲ ਪੁਰਖ ਦਾ ਵਿਸ਼ੇਸ ਵਿਅਕਤੀ ਖਾਲਸਾ ਹੋ ਸਕਦਾ ਹੈ ਜੋ ਸੀਸ ਭੇਟ ਦੇ ਇਨਕਲਾਬ ਵਿਚੋਂ ਪ੍ਰਗਟ ਹੋਇਆ ਜਿਸ ਦੇ ਜੀਵਨ ਦੀ ਝਲਕ ਹੋਰ ਕਿਸੇ ਇਤਿਹਾਸ ਵਿਚ ਝਲਕਦੀ ਨਹੀਂ ਦੇਖੀ ਗਈ। ਇਹ ਨਿਆਰਾ ਖਾਲਸਾ, ਦਸਮੇਸ਼ ਜੀ ਦਾ ਨਿਰਾਲਾ ਰੂਪ ਸਮਸਤ ਸੰਸਾਰ ਵਿਚ ਜੁੱਗੋ ਜੁੱਗ ਅਟੱਲ ਰਹੇਗਾ। ਇਸ ਦੀ ਪਵਿੱਤ੍ਰਤਾ ਦਾ ਪ੍ਰਭਾਵ ਸੰਸਾਰ ਵਿਚ ਇਸ ਤਰ੍ਹਾਂ ਫੈਲ ਜਾਵੇਗਾ ਜਿਵੇਂ ਪਾਣੀ ਉਤੇ ਤੇਲ ਫੈਲ ਜਾਂਦਾ ਹੈ।

*********

## ਅੰਮ੍ਰਿਤ ਦੀ ਸ਼ਕਤੀ

ਸਿਦਕੀ ਆਪਾ ਵਾਰੇਗਾ, ਚਾਤੁਰ ਗੱਲਾਂ ਮਾਰੇਗਾ।
ਰੱਬਾ ਤੇਰਾ ਇਕੋ ਨਾਮੁ, ਡੁਬਦਾ ਬੇੜਾ ਤਾਰੇਗਾ।
ਅੰਮ੍ਰਿਤ ਵੇਲਾ ਸਾਂਭੇ ਜੋ, ਹਉਂ ਤਾਈ ਸੰਘਾਰੇਗਾ।
ਪੀਂਦਾ ਹੈ ਜੋ ਅੰਮ੍ਰਿਤ ਨਾਮੁ, ਅਪਣਾ ਹਿਰਦਾ ਠਾਰੇਗਾ।
ਇਸ਼ਕ ਦੇ ਰਾਹੀਂ ਚੱਲਣ ਨੂੰ, ਬੋਝਲ ਪੰਡ ਉਤਾਰੇਗਾ।
ਅੰਮ੍ਰਿਤ ਬਾਣੀ ਪੜ੍ਹਦੈ ਜੋ, ਪੀੜਤਾਂ ਵੱਲ ਨਿਹਾਰੇਗਾ।
ਅੰਮ੍ਰਿਤ ਵਿਚ ਹੈ ਸ਼ਕਤੀ ਜੋ, ਦਸੋ ਕਿਹੜਾ ਹਾੜੇਗਾ।

(ਤੇਗ਼ ਬਹਾਦਰ ਸਿੰਘ ਤੇਗ਼)


www.AKJ.Org

# ਗੁਰੂ ਤੇਗ ਬਹਾਦਰ ਅਤੇ ਮਨੁੱਖੀ ਆਜ਼ਾਦੀ

(ਪ੍ਰੋ. ਪਿਆਰਾ ਸਿੰਘ ਪਦਮ)

ਜਦੋਂ ਹਿੰਦੂ ਸੰਸਕ੍ਰਿਤੀ, ਮੁਸਲਮਾਨੀ ਹੱਲਿਆਂ ਦੀ ਮਾਰ ਸਹਾਰ ਕੇ ਜਰਵਾਣਿਆ ਅੱਗੇ ਚੁਫਾਲ ਡਿੱਗ ਪਈ ਤੇ ਰਾਜਸੀ ਅਤੇ ਧਾਰਮਿਕ ਸੁਤੰਤਰਤਾ ਗੁਆ ਬੈਠੀ ਤਾਂ ਉਸ ਸਮੇਂ ਗੁਰੂ ਨਾਨਕ ਸਾਹਿਬ ਨੇ 'ਨਾਮ ਦੀ ਚੜ੍ਹਦੀ ਕਲਾ ਤੇ 'ਸਰਬੱਤ ਦੇ ਭਲੇ' ਦਾ ਨਾਅਰਾ ਦੇ ਕੇ ਮਨੁੱਖੀ ਚੇਤਨਾ ਨੂੰ ਜਗਾਇਆ। ਇਸ ਮੌਕੇ ਭਾਰਤ-ਵਾਸੀ ਭੈਭੀਤ ਸਨ ਤੇ ਉਹ ਆਪਣਾ ਸ੍ਵੈਮਾਨ ਤੇ ਸੁਤੰਤਰਤਾ ਦੋਵੇਂ ਗੁਆ ਬੈਠੇ ਸਨ। ਉਨ੍ਹਾਂ ਦੀ ਧਾਰਮਿਕਤਾ ਨਿਰਾ ਦਿਖਾਵੇ ਮਾਤ੍ਰ ਸੀ। ਦੂਜੇ ਪਾਸੇ ਮੁਸਲਮਾਨ ਲਈ, ਗੈਰ ਮੁਸਲਿਮ ਦਾ ਸ਼ੁਭ ਚਿੰਤਕ ਹੋਣਾ ਇਕ ਤਰ੍ਹਾਂ ਧਰਮ ਈਮਾਨ ਤੋਂ ਬਾਹਰੀ ਗੱਲ ਮੰਨੀ ਜਾਂਦੀ ਸੀ। ਇਸ ਹਾਲਤ ਵਿਚ 'ਚੜ੍ਹਦੀ ਕਲਾ' ਤੇ ਸਰਬੱਤ ਦੇ ਭਲਾ' ਦਾ ਦਾਰੂ ਦੋਹਾਂ ਧਿਰਾਂ ਦੀ ਸਿਹਤ ਲਈ ਅਤਿ ਜ਼ਰੂਰੀ ਸੀ। ਡਾਢਾ, ਮਾੜੇ ਨੂੰ ਮਾਰਦਾ ਸੀ ਤੇ ਮਾੜਾ, ਡਾਢੇ ਤੋਂ ਮਾਰ ਖਾਂਦਾ ਸੀ; ਗੁਰੂ ਸਾਹਿਬ ਨੂੰ ਇਹ ਦੋਵੇਂ ਗੱਲਾਂ ਨਾ-ਪਸੰਦ ਸਨ। ਉਹ ਚਾਹੁੰਦੇ ਸਨ ਕਿ ਤਾਕਤਵਰ, ਤਾਕਤਵਰ ਨਾਲ ਜੂਝੇ; ਜੇ ਪਾੜ-ਖਾਣੇ ਬਘਿਆੜ ਗਊਆਂ ਉੱਤੇ ਟੁੱਟ ਪੈਣ ਤੇ ਹੱਤਿਆ ਕਰਨ ਤਾਂ ਇਹ ਕੋਈ ਨਿਆਂ ਨਹੀਂ। ਬਰਾਬਰ ਦੀ ਟੱਕਰ ਹੋਵੇ ਤਾਂ ਇਹ ਕੋਈ ਹਰਜੇ ਵਾਲੀ ਗੱਲ ਨਹੀਂ, ਆਖ਼ਰ ਜ਼ਿੰਦਗੀ ਇੱਕ ਸੰਗ੍ਰਾਮ ਹੈ। ਸ਼ਕਤੀਵਾਨ, ਸ਼ਕਤੀਵਾਨ ਨਾਲ ਟੱਕਰੇ ਤਾਂ ਕੋਈ ਗਿ਼ਲਾ ਨਹੀਂ:

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥ (ਪੰਨਾ ੩੬੦)

ਇਥੇ ਜਰਵਾਣਿਆਂ ਨੇ ਭਾਰਤ ਦੀ ਧਾਰਮਕ ਮਾਨਤਾ, ਬੋਲ ਬਾਣੀ, ਪਹਿਰਾਵਾ, ਖਾਣ- ਪੀਣ ਤੇ ਰਹਿਣ-ਸਹਿਣ ਸੱਭੋ ਮਲੀਆਮੇਟ ਕਰ ਛੱਡਿਆ ਸੀ ਤੇ ਇਹ ਲੋਕ ਸਭ ਪਾਸਿਓਂ ਬੇਪਤ ਸਨ। ਖਾਸ ਕਰਕੇ ਮੁਗਲ ਜ਼ਮਾਨੇ ਵਿੱਚ ਹਾਲਤ ਤਰਸਯੋਗ ਹੋ ਗਈ ਸੀ।

ਭਗਤੀ ਲਹਿਰ ਦੇ ਸੰਤਾਂ ਨਾਲੋਂ ਗੁਰੂ ਨਾਨਕ ਸਾਹਿਬ ਦੀ ਇਹੋ ਵਿਸ਼ੇਸ਼ਤਾ ਸੀ ਕਿ ਉਨ੍ਹਾਂ ਨੂੰ ਇਹ ਸਭ ਕੁਝ ਚੁੱਭਦਾ ਸੀ। ਉਹ ਬ੍ਰਹਮ ਗਿਆਨੀ ਹੋਣ ਦੇ ਬਾਵਜੂਦ ਸ੍ਵੈਮਾਨੀ ਸਨ ਤੇ ਹਿੰਦ ਦਾ ਕੌਮੀ ਸ੍ਵੈਮਾਨ ਨਸ਼ਟ ਹੁੰਦਾ ਦੇਖ ਕੇ ਸਹਿ ਨਹੀਂ ਸੀ ਸਕਦੇ :

ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥ (ਪੰਨਾ ੧੪੨)
ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥
ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥.....
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥ (ਪੰਨਾ ੧੧੯੧)
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥ (ਪੰਨਾ ੪੭੦)
ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥ (ਪੰਨਾ ੪੭੨)

ਗੁਲਾਮੀ ਦੇ ਇਹ ਕਾਰੀ ਜਖ਼ਮ ਇਕ ਦਿਨ ਵਿੱਚ ਰਾਜ਼ੀ ਨਹੀਂ ਸੀ ਹੋ ਸਕਦੇ। ਇਸ ਕਰਕੇ ਗੁਰੂ ਨਾਨਕ ਸਾਹਿਬ ਨੇ ਸਿੱਖ ਲਹਿਰ ਨੂੰ ਯੋਜਨਾਬੱਧ ਕਰਨ ਲਈ ਗੁਰਗੱਦੀ ਨੂੰ ਦਸ ਵਿਅਕਤਿਆਂ ਤਕ ਚਲਾਇਆ; ਥਾਂ ਥਾਂ 'ਸੰਗਤਾਂ' ਕਾਇਮ ਕੀਤੀਆਂ; ਧਰਮਸ਼ਾਲਵਾਂ ਥਾਪੀਆਂ ਤਾਂ ਕਿ ਨੇਕੀ ਦੀ ਸ਼ਕਤੀ ਸੰਗਠਿਤ ਹੋ ਕੇ ਬਦੀ ਨਾਲ ਟੱਕਰ ਲੈ ਸਕੇ। ਸਿੱਖਾਂ ਨੂੰ ਉਨ੍ਹਾਂ ਸਾਵਧਾਨ ਵੀ ਕਰ ਦਿੱਤਾ ਕਿ ਇਹ ਮਾਲਾ ਫੜ ਕੇ ਜਾਂ ਏਕਾਂਤਵਾਸ ਲੈ ਕੇ ਦਿਨ-ਕਟੀ ਕਰਨ ਦਾ ਸਮਾਂ ਨਹੀਂ, ਸਗੋਂ ਸਿਰ ਤਲੀ 'ਤੇ ਰੱਖ ਕੇ ਚੱਲਣ ਦਾ ਵੇਲਾ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ ੧੪੧੨)

ਇਸ ਜਬਰ-ਜ਼ੁਲਮ ਦੇ ਖਿਲਾਫ ਕਈ ਵਿਰੋਧ ਉਠੇ ਪਰ ਇਹ ਸਭ ਵਿਅਕਤੀਗਤ ਕਿਸਮਤ ਦੇ ਸਨ। ਮੁਗ਼ਲਾਂ ਨੇ ਰਾਜਪੂਤਾਂ ਦਾ ਰਾਜ ਹੀ ਨਹੀਂ ਖੋਹਿਆ ਸਗੋਂ ਉਨ੍ਹਾਂ ਦੀਆਂ ਧੀਆਂ ਦੇ ਡੋਲੇ ਮਹੱਲਾਂ ਵਿਚ


www.AKJ.Org

ਲਿਆ ਕੇ ਉਨ੍ਹਾਂ ਦੀ ਸਮਾਜਿਕ ਸ਼ਾਨ ਨੂੰ ਵੀ ਦਾਗੀ ਕੀਤਾ। ਇਸ ਵਿਰੁੱਧ ਕੁਝ ਹੱਦ ਤੱਕ ਰਾਣਾ ਪ੍ਰਤਾਪ ਨੇ ਬਗਾਵਤ ਕੀਤੀ; ਸ਼ਿਵਾ ਜੀ ਨੇ ਮਾਰਾਠਿਆਂ ਨੂੰ ਤਿਆਰ ਕੀਤਾ; ਗੋਕਲ ਨੇ ਜਾਟਾਂ ਤੇ ਖੁਸ਼ਹਾਲ ਖਾਂ ਖ਼ਟਕ ਨੇ ਪਠਾਣਾਂ ਨੂੰ ਲੜਾਇਆ। ਇਹ ਸਮੇਂ ਸਮੇਂ ਦੀਆਂ ਲਾਟਾਂ ਸਨ ਲੇਕਿਨ ਗੁਰੂਆਂ ਨੇ ਪੰਜਾਬ ਵਿੱਚ ਜਥੇਬੰਦ ਯਤਨਾਂ ਦੁਆਰਾ ਜੁਆਲਾਮੁਖੀ ਜਗਾ ਕੇ ਇਸ ਆਜ਼ਾਦੀ ਦੀ ਲਹਿਰ ਨੂੰ ਬਾਕਾਇਦਾ ਚਲਾਇਆ।

ਗੁਰੂ ਨਾਨਕ ਸਾਹਿਬ ਨੇ ਉਮਰ ਭਰ ਸਾਰੇ ਹਿੰਦ ਵਿੱਚ ਫਿਰ ਕੇ ਰੱਤ-ਪੀਣੇ ਕਸਾਈ ਰਾਜਿਆਂ ਦੀ ਰੱਜ ਕੇ ਨਿਖੇਧੀ ਕੀਤੀ, ਤੇ ਪਰਾਇਆ ਹੱਕ ਖਾਣ ਵਾਲਿਆਂ ਨੂੰ ਨਿੰਦਿਆ। ਆਪ ਨੇ ਅੰਧੀ ਰੱਯਤ ਨੂੰ ਨਿਰਭੈਤਾ ਦਾ ਜੀਵਨ ਬਸਰ ਕਰਨ ਦੀ ਜਾਚ ਦੱਸੀ ਕਿ ਰਾਜਸੀ ਭੈ ਇਕ ਹਊਆ ਹੀ ਹੈ, ਮਨ ਤਕੜਾ ਹੋਵੇ ਤਾਂ ਇਹ ਡਰ ਦਾ ਤਾਪ ਉਤਾਰਿਆ ਜਾ ਸਕਦਾ ਹੈ, ਨਿਰਭੈਤਾ ਹੀ ਆਜ਼ਾਦ ਜੀਵਨ ਦਾ ਮੁੱਖ ਲੱਛਣ ਹੈ :

ਡਰੀਐ ਜੇ ਡਰੁ ਹੋਵੈ ਹੋਰੁ॥ ਡਰਿ ਡਰਿ ਡਰਣਾ ਮਨ ਕਾ ਸੋਰੁ॥ (ਪੰਨਾ ੧੫੧)
ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥ (ਪੰਨਾ ੪੭੩)

ਗੁਰੂ ਅੰਗਦ ਸਾਹਿਬ ਨੇ ਲੋਕਾਂ ਵਿੱਚ ਦੇਸ਼ ਦੀ ਲਿਪੀ ਤੇ ਬੋਲੀ ਬਾਰੇ ਸ੍ਵੈਮਾਨ ਜਗਾਇਆ ਤੇ ਗੁਰੂ ਅਮਰਦਾਸ ਸਾਹਿਬ ਨੇ ਸਾਂਝਾ ਲੰਗਰ ਲਾ ਕੇ ਸਾਂਝੀ ਪੰਗਤ ਬਿਠਾ ਕੇ ਜਾਤ-ਪਾਤ ਦਾ ਵਹਿਮ ਤੋੜਿਆ ਤੇ ਮਨੁੱਖੀ ਏਕਤਾ ਦਾ ਸਬਕ ਦ੍ਰਿੜ੍ਹਾਇਆ। ਗੁਰੂ ਰਾਮਦਾਸ ਜੀ ਨੇ ਕਿਰਤੀ ਗਰੀਬ ਸਿੱਖਾਂ ਵਿੱਚ ਨਿਰਭੈਤਾ ਦੀ ਭਾਵਨਾ ਜਗਾਈ:

ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ॥
ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ॥
ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੜੀਏ
ਤਿਨਿ ਜਨਿ ਸਭਿ ਡਰ ਸਟਿ ਘਤੇ ਰਾਮ॥ (ਪੰਨਾ ੫੪੦)

ਗੁਰੂ ਅਰਜਨ ਸਾਹਿਬ ਨੇ ਸਾਂਝਾ ਧਰਮ ਅਸਥਾਨ ਹਰਿਮੰਦਰ ਤੇ ਸਾਂਝਾ ਧਰਮ ਗ੍ਰੰਥ ਗੁਰੂ ਸਾਹਿਬ ਬਣਾ ਕੇ ਇਸ ਲਹਿਰ ਨੂੰ ਇਕ ਸੁਤੰਤਰ ਧਰਮ ਦਾ ਰੂਪ ਦਿੱਤਾ ਤੇ ਥਾਂ ਥਾਂ ਤੋਂ ਇਹ ਧੁਨ ਸੁਣਾਈ ਦੇਣ ਲੱਗੀ:

ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥ (ਪੰਨਾ ੧੧੩੬)
ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥ (ਪੰਨਾ ੧੦੯੬)

ਹੁਣ ਸਿੱਖੀ ਦਾ ਜਲਵਾ ਸਾਫ਼ ਦਿਸਣ ਲੱਗ ਪਿਆ ਸੀ ਤੇ ਰਾਜ-ਸੱਤਾ ਦੇ ਮਾਲਕ ਜਰਵਾਣੇ ਤੇਂ ਮਜ਼ਬੀ ਆਗੂ ਦੋਵੇਂ ਤਿਲਮਿਲਾ ਰਹੇ ਸਨ। 'ਤੋਜ਼ਕਿ ਜਹਾਂਗੀਰੀ' ਵਿੱਚ ਬਾਦਸ਼ਾਹ ਜਹਾਂਗੀਰ ਦੇ ਇਹ ਲਫਜ਼ ਧਿਆਨ ਯੋਗ ਹਨ :

'ਤਿੰਨ ਚਾਰ ਪੀੜ੍ਹੀਆਂ ਤੋਂ ਇਹ ਸਿੱਖੀ ਦੀ ਦੁਕਾਨ ਗਰਮ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿੱਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਗੁਰੂ ਨੂੰ ਮੁਸਲਮਾਨੀ ਮੱਤ ਵਿੱਚ ਲਿਆਉਣਾ ਚਾਹੀਦਾ ਹੈ।'

*'ਅਜ ਸਿਹ ਚਹਾਰ ਪੁਸ਼ਤਿਉ ਈਂ ਦੁਕਾਨਿ ਰਾ ਗਰਮ ਮੀਦਾਸ਼ਤੰਦ ਮੁਦੱਤਹ ਬਖ਼ਾਤਰ ਮੀਗੁਜ਼ਸ਼ਤ ਕਿ ਈਂ ਦੁਕਾਨਿ ਬਾਤਲ ਰਾ ਬਰਤਰਫ਼ ਬਾਯਦ ਸਾਖ਼ਤ, ਊਰਾ ਦਰ ਜਰਗਾਇ ਅਹਲਿ ਇਸਲਾਮ ਦਰ ਬਾਯਦ ਦਰ ਆਵੁਰਦ।'* (ਤੋਜ਼ਕਿ ਜਹਾਂਗੀਰੀ)

ਇਤਿਹਾਸ ਦੇ ਪਾਠਕ ਇਹ ਜਾਣਦੇ ਹੀ ਹਨ ਕਿ ਕਿਸ ਤਰ੍ਹਾਂ ਇਸ ਮਜ਼ਬੀ ਜਨੂੰਨ ਵਿੱਚ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇ ਕੇ ਮਾਰ ਮੁਕਾਉਣ ਦਾ ਫੁਰਮਾਨ ਜਾਰੀ ਕੀਤਾ। ਦੂਜੇ ਪਾਸੇ ਸ਼ੇਖ ਅਹਿਮਦ ਸਰਹੰਦੀ (੧੫੬੧-੧੬੨੪) ਜੋ ਆਪਣੇ ਆਪ ਨੂੰ ਮੁਜੱਦਦ ਅਲਫ਼ਸਾਨ, ਕਹਾਉਂਦਾ ਸੀ ਤੇ ਅਕਬਰ ਬਾਦਸ਼ਾਹ ਵੱਲੋਂ ਸਾਂਝ ਤੇ ਰਵਾਦਾਰੀ ਦੀ ਲਹਿਰ ਨੂੰ ਕੱਟ ਕੇ ਨਿਰੋਲ ਮੁਸਲਮ ਤੁਅੱਸਬ ਨੂੰ ਸੂਰਾ



www.AKJ.Org

ਗਰਮਾਉਂਦਾ ਸੀ, ਇਸ ਪ੍ਰਚੰਡ ਕਰਨ ਲਈ ਪੂਰੇ ਯਤਨ ਕੀਤੇ। ਉਹ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਉਪਰੰਤ ਸ਼ੇਖ ਫਰੀਦ ਬੁਖਾਰੀ ਨੂੰ ਖ਼ਤ ਲਿਖਦਾ ਹੋਇਆ ਕਹਿੰਦਾ ਹੈ-

'ਇਸ ਸਮੇਂ ਗੋਇੰਦਵਾਲ ਵਾਲੇ ਲਾਨਤੀ ਕਾਫਰ ਦਾ ਮਾਰਿਆ ਜਾਣਾ ਇਕ ਅੱਛੀ ਘਟਨਾ ਹੈ ਤੇ ਮਰਦੂਦ ਹਿੰਦੂਆਂ ਦੀ ਲੱਕ ਤੋੜਵੀਂ ਹਾਰ ਦਾ ਕਾਰਣ ਹੈ। ਇਸ ਕਤਲ ਪਿੱਛੇ ਨੀਅਤ ਜਾਂ ਗਰਜ਼ ਕੁਝ ਵੀ ਹੋਵੇ, ਕਾਫਰਾਂ ਦੀ ਬਰਬਾਦੀ ਹੀ ਇਸਲਾਮ ਲਈ ਨਿਆਮਤ ਹੈ।' 'ਦਰੀ ਵਕਤ ਕੁਸ਼ਤਨਿ ਕਾਫਰਿ ਲਈਨਿ ਗੋਇੰਦਵਾਲ, ਬਿਸਯਾਰ ਖ਼ੂਬ ਵਾਕਯਾ ਸ਼ੁਦ, ਬਾਇਿਜ ਸ਼ਿਕਸਤਿ ਅਜ਼ੀਮ ਬਰ ਹਲੂਦਿ ਮਰਦੂਦ ਗਸ਼ਤ। ਬਹਰ ਨਿਯਤ ਕਿ ਕੁਸ਼ਤਾ ਬਾਸ਼ੰਦ ਵ ਬਹਰ ਗਰਜ਼ ਕਿ ਹਲਾਕ ਕਰਦਾ, ਖਾਰੀਏ ਕੁੱਫਾਰ ਨਕਦਿ ਅਹਲਿ ਇਸਲਾਮ ਅਸਤ।'

(ਮਕਤੂਬਾਤਿ ਇਮਾਮ ਰੱਬਾਨੀ, ਭਾਗ ਤੀਜਾ, ਖ਼ਤ ਨੰਬਰ ੧੯੩ ਸੰਪਾਦਕ -ਨੂਰ ਅਹਿਮਦ)

ਇਹ ਸੀ ਮੁਸਲਮਾਨੀ ਬਾਦਸ਼ਾਹ ਤੇ ਮੁਸਲਮਾਨੀ ਸ਼ੇਖ ਜਮਾਤ ਦਾ ਨਜ਼ਰੀਆ। ਸਟੇਟ ਤੇ ਚਰਚ ਦੋਵੇਂ ਸਿੱਖ ਲਹਿਰ ਤੋਂ ਔਖੇ ਸਨ। ਜਦੋਂ ਸੋਲ੍ਹਵੀਂ ਸਦੀ ਦੇ ਆਰੰਭ ਨਾਲ ਸਿੱਖੀ ਇਉਂ ਦੁਸ਼ਮਨਾਂ ਦੇ ਸੀਨਿਆਂ ਵਿੱਚ ਰੜਕਣ ਲੱਗ ਪਈ ਤਾਂ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਸ ਦਾ ਭਾਵ ਇਹ ਸੀ ਕਿ ਅਸੀਂ ਪੀਰੀ-ਧਰਮ ਨੂੰ ਤਿਆਗਿਆ ਨਹੀਂ ਸਗੋਂ ਇਸ ਦੀ ਸੁਰੱਖਿਆ ਲਈ ਮੀਰੀ-ਰਾਜਨੀਤਕ ਸੱਤਾ ਵੀ ਧਾਰ ਲਈ ਹੈ। ਛੱਪਰੀਆ ਦੀ ਥਾਂ ਛਾਉਣੀਆਂ ਬਣੀਆਂ, ਮਾਲਾਂ ਦੀ ਥਾਂ ਤੇਗਾਂ ਲਿਸ਼ਕਦੀਆਂ, ਸੰਤ ਸਿਪਾਹੀ ਰੋਹ ਵਿੱਚ ਆਏ, ਨਿੱਕੇ-ਮੋਟੇ ਜੰਗ ਹੋਏ ਤੇ ਸਿੱਖ ਲਹਿਰ ਨੇ ਇਕ ਨਵਾਂ ਤਜਰਬਾ ਕੀਤਾ ਕਿ ਜਬਰ ਨਾਲ ਇਉਂ ਵੀ ਸਿੱਝਿਆ ਜਾ ਸਕਦਾ ਹੈ ਅਤੇ ਧਰਮ, ਸੰਸਾਰੀ ਸ਼ਕਤੀ ਨੂੰ ਨੇਕੀ ਦੀ ਤਾਕਤ ਵਧਾਉਣ ਲਈ ਵਰਤ ਸਕਦਾ ਹੈ। ਗੁਰੂ ਹਰਿ ਰਾਇ ਸਾਹਿਬ ਦਾਰਾ ਸ਼ਿਕੋਹ ਵਰਗੇ ਸ਼ਾਂਤੀ-ਪਸੰਦ ਤੇ ਨਿਰਪੱਖ ਨੀਤੀਵਾਨ ਦੇ ਮੁਦਈ ਸਨ ਪਰ ਉਸ ਭਲੇ ਆਦਮੀ ਨੂੰ ਸ਼ੈਤਾਨ ਸਾਮ੍ਹਣੇ ਹਾਰ ਹੋ ਗਈ। ਔਰੰਗਜ਼ੇਬ ਪਿਉ ਨੂੰ ਕੈਦ ਕਰਕੇ ਭਾਈਆਂ ਨੂੰ ਕਤਲ ਕਰ ਕੇ ੧੬੫੮ ਈ: ਵਿੱਚ ਰਾਜ ਗੱਦੀ ਤੇ ਬੈਠਾ। ਗੁਰੂ ਹਰਿ ਰਾਇ ਸਾਹਿਬ ਤੇ ਗੁਰੂ ਹਰਿ ਕਿਸ਼ਨ ਸਮੇਂ ਸਿੱਖ ਲਹਿਰ ਦਾ ਇਹੋ ਰਵੱਈਆ ਰਿਹਾ ਕਿ ਜਾਬਰ ਜਰਵਾਣੇ ਦੇ ਮੱਥੇ ਨਹੀਂ ਲੱਗਣਾ, ਨਾ ਮਿਲਵਰਤਣ ਰੱਖਣੀ ਹੈ। ਇਸ ਪ੍ਰਣ ਨੂੰ ਪਕਿਆਈ ਨਾਲ ਨਿਭਾਇਆ ਗਿਆ। ਹੁਣ ਔਰੰਗਜ਼ੇਬ ਵਰਗਾ ਕੱਟੜ ਬਾਦਸ਼ਾਹ ਇਹ ਕਿਵੇਂ ਪਸੰਦ ਕਰ ਸਕਦਾ ਸੀ ਕਿ ਪੰਜਾਬ ਵਿੱਚ ਧਾਰਮਿਕ ਤੇ ਰਾਜਸੀ ਆਜ਼ਾਦੀ ਦੀ ਲਹਿਰ ਸਿਰ ਉਠਾਵੇ ਤੇ ਗ਼ੈਰ ਮੁਸਲਮਾਨ ਸੁਤੰਤਰ ਵਿਚਰ ਸਕਣ । ਜਿਥੇ ਸ਼ੇਖ ਅਹਿਮਦ ਸਰਹੰਦੀ ਨੇ ਜਹਾਂਗੀਰ ਦੇ ਕੰਨ ਭਰ ਕੇ ਗੁਰੂ ਅਰਜਨ ਸਾਹਿਬ ਦਾ ਖ਼ੂਨ ਲਿਆ, ਉਥੇ ਇਸੇ ਸ਼ੇਖ ਦੇ ਦੋ ਪੁੱਤਰ ਖ਼ੁਆਜਾ ਮੁਹੰਮਦ ਸੈਫਦੀਨ ਔਰੰਗਜ਼ੇਬ ਪਾਸ ਦੱਖਣ ਰਹਿੰਦਾ ਇਸ ਨੂੰ ਤਅੱਸਬ ਦੀ ਪੱਟੀ ਪੜ੍ਹਾਉਂਦਾ ਰਹਿੰਦਾ। ਸਿੱਟਾ ਇਹ ਹੋਇਆ ਕਿ ਔਰੰਗਾ ਆਪਣੇ ਬਾਬੇ ਦਾ ਵੀ ਪਿਉ ਨਿਕਲਿਆ ਤੇ ਇਸ ਨੇ ਮਜ਼ਬੀ ਤੁਅੱਸਬ ਦੀ ਤਲਵਾਰ ਸੂਤ ਕੇ ਗ਼ੈਰ-ਮੁਸਲਮਾਨਾਂ ਹਰ ਤਰ੍ਹਾਂ ਮਲੀਆਮੇਟ ਕਰਨਾ ਸ਼ੁਰੂ ਕਰ ਦਿੱਤਾ। ਹਿੰਦੂਆਂ ਦੇ ਮੰਦਰ, ਪਾਠਸ਼ਾਲਾ, ਰਸਮ-ਰੀਤਿ ਤੇ ਬਾਹਰੀ ਚਿੰਨ੍ਹ ਸਭੇ ਕ੍ਰੋਪੀ ਦਾ ਸ਼ਿਕਾਰ ਸਨ। ਇਸ ਮੌਕੇ ਗੁਰੂ ਤੇਗ ਬਹਾਦਰ ਆਜ਼ਾਦੀ ਦੀ ਲਹਿਰ ਦੇ ਨੇਤਾ ਬਣੇ। ਉਨ੍ਹਾਂ ਸਾਰੇ ਹਿੰਦੂਸਤਾਨ ਵਿੱਚ ਇੱਕੋ ਹੋਕਾ ਦਿੱਤਾ ਕਿ ਜੇ ਦਬੇਲ ਬਣਦਾ ਹੈ, ਉਹ ਕਾਇਰ ਹੈ; ਜੋ ਦੂਜੇ ਨੂੰ ਭੈਭੀਤ ਕਰਕੇ ਦਬੇਲ ਬਣਾਉਂਦਾ ਹੈ, ਉਹ ਜ਼ਾਲਮ ਹੈ। ਅਸਲ ਸੋਝੀਵਾਨ ਸਾਊ ਮਨੁੱਖ ਉਹੋ ਹੈ ਜੋ ਭੈ ਰਹਿਤ ਜੀਵਨ ਬਿਤਾਉਂਦਾ ਹੈ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ (ਪੰਨਾ ੧੪੨੭)

ਉਨ੍ਹਾਂ ਸੁਤੰਤਰ ਮਨੁੱਖ ਦਾ ਸੰਕਲਪ ਹੀ ਇਹ ਰੱਖਿਆ ਜੋ ਦੁਖ ਸੁਖ, ਮਾਨ ਅਪਮਾਨ, ਖੁਸ਼ੀ ਗ਼ਮੀ, ਨਿੰਦਾ ਉਸਤਤਿ ਤੇ ਗਰੀਬੀ ਅਮੀਰੀ ਤੋਂ ਉਪਰ ਉਠ ਕੇ ਸਮ-ਦ੍ਰਿਸ਼ਟਾ ਬਣੇ, ਨਿਰਭੈਤਾ ਤੇ ਦ੍ਰਿੜਤਾ ਨਾਲ ਅਚਲ ਅਡੋਲ ਹੋ ਕੇ ਆਪਣੇ ਆਦਰਸ਼ ਵੱਲ ਵਧਦਾ ਜਾਵੇ:


www.AKJ.Org

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ੧॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥ (ਪੰਨਾ ੬੩੩)

ਇਸ ਕਿਸਮ ਦੇ ਵਿਚਾਰ ਉਨ੍ਹਾਂ ਪੰਜਾਬ ਵਿਚ ਹੀ ਨਹੀਂ ਪ੍ਰਚਾਰੇ, ਸਗੋਂ ਪੰਜਾਬ ਤੋਂ ਬਾਹਰ ਜਾ ਕੇ ਬੰਗਾਲ, ਅਸਾਮ ਤਕ ਵੀ ਇਹ ਨਿਰਭੈਤਾ ਤੇ ਸੁਤੰਤਰਤਾ ਦੀ ਜੀਵਨ-ਜਾਚ ਸਮਝਾਈ, ਜਿਸ ਦਾ ਡੂੰਘਾ ਅਸਰ ਪਿਆ। ਬਾਦਸ਼ਾਹ ਬਹੁਤ ਘਬਰਾਇਆ। ਉਹ ਸਾਰੀ ਹਿੰਦ-ਵੈਣ ਨੂੰ ਇਕੋ ਚੱਕਰ ਵਿੱਚ ਮੁਸਲਮਾਨ ਬਣਾ ਲੈਣਾ ਚਾਹੁੰਦਾ ਸੀ। ਆਮ ਹਿੰਦੂ ਭੈਭੀਤ ਹੋ ਕੇ ਬ੍ਰਾਹਮਣਾਂ ਪਾਸ ਪਹੁੰਚੇ ਤੇ ਦੇਸ਼ ਭਰ ਦੇ ੧੬ ਮੁਖੀ ਬ੍ਰਾਹਮਣ ਇੱਕਤਰ ਹੋ ਕੇ ਅਨੰਦਪੁਰ ਗੁਰੂ ਜੀ ਦੀ ਸ਼ਰਣ ਆਏ। ਸਤਿਗੁਰਾਂ ਉਨ੍ਹਾਂ ਨੂੰ ਦ੍ਰਿੜ੍ਹਤਾ ਦਾ ਪਾਠ ਪੜ੍ਹਾਇਆ ਤੇ ਕੁਰਬਾਨੀ ਦੀ ਰਸਤਾ ਦਿਖਾਇਆ:

ਸਾਧੋ ਇਹੁ ਤਨੁ ਮਿਥਿਆ ਜਾਨਉ॥
ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥ (ਪੰਨਾ ੧੧੮੬)

ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਸਰਗਰਮੀ ਦੇਖ ਕੇ ਫੌਰਨ ਉਨ੍ਹਾਂ ਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਕਰ ਦਿੱਤੇ ਤੇ ਉਨ੍ਹਾਂ ਨੂੰ ਦਿੱਲੀ ਚਾਂਦਨੀ ਚੌਕ ਵਿੱਚ ਲਿਆ ਕੇ ਕਤਲ ਕਰ ਦਿੱਤਾ ।

ਉਨ੍ਹਾਂ ਦੇ ਸਾਮ੍ਹਣੇ ਤਿੰਨ ਗੱਲਾਂ ਰੱਖੀਆਂ ਗਈਆਂ:
(੧) ਜੇ ਹਿੰਦੂਆਂ ਦੇ ਪੀਰ ਹੋ, ਤਾਂ ਕਰਾਮਾਤ ਦਿਖਾਓ ।
(੨) ਜੇ ਇਹ ਨਹੀਂ ਕਰਨਾ ਤਾਂ ਇਸਲਾਮ ਅਪਣਾਓ ।
(੩) ਵਰਨਾ ਤੀਜੀ ਸਜ਼ਾ ਮੌਤ ਕਬੂਲ ਕਰੋ ।

ਗੁਰੂ ਸਾਹਿਬ ਨੇ ਕਿਹਾ, ਸਾਡੇ ਮੱਤ ਵਿੱਚ ਰੱਬੀ ਹੁਕਮ ਦੇ ਸਨਮੁਖ ਕਰਾਮਾਤ ਦਿਖਾਉਣੀ ਕਹਿਰ ਕਮਾਉਣਾ ਹੈ। ਇਸਲਾਮ ਵੱਲ ਆਉਣਾ ਆਪਣਾ ਈਮਾਨ ਗੁਆਉਣਾ ਹੈ। ਨਾਟਕ ਚੇਟਕ ਮਦਾਰੀਆਂ ਦਾ ਕੰਮ ਹੈ, ਮਰਦਾਂ ਦਾ ਨਹੀਂ। ਅਸੀਂ ਤਾਂ ਭਾਣੇ ਵਿੱਚ ਰਹਿ ਕੇ ਜੀਵਨ ਸਬਰ ਕਰਨਾ ਹੈ। ਦੂਜੇ, ਕਿਸੇ ਦੀ ਧਾਰਮਿਕ ਅਜ਼ਾਦੀ ਵਿੱਚ ਦਖਲਅੰਦਾਜ਼ੀ ਮਨੁੱਖੀ ਸਭਿਆਚਾਰ ਵਿੱਚ ਪਰਵਾਣ ਨਹੀਂ। ਅਸੀਂ ਨ ਤਿਲਕ ਮੁਦੱਈ ਤੇ ਨ ਜੀਵ ਦੇ ਪਰ ਮਜ਼ਲੂਮ ਲੋਕਾਂ ਦੀ ਬਾਂਹ ਫੜਨਾ, ਹਮਦਰਦੀ ਕਰਨਾ ਸਾਡਾ ਪਹਿਲਾ ਫਰਜ਼ ਹੈ। ਸਰਬੱਤ ਦਾ ਭਲਾ ਸਾਡਾ ਧਰਮ ਹੈ ਤੇ ਇਸ ਧਰਮ ਲਈ ਅਸੀਂ ਕੋਈ ਵੀ ਕੁਰਬਾਨੀ ਕਰਨੋਂ ਨਹੀਂ ਹਿਚਕਚਾਉਂਦਾ। ਸੋ ਗੁਰੂ ਸਾਹਿਬ ਨੇ ਮੌਤ ਨੂੰ ਖ਼ੁਸ਼ੀ-ਖ਼ੁਸ਼ੀ ਪਰਵਾਣ ਕੀਤਾ ਤੇ ਆਪਣਾ ਬਲੀਦਾਨ ਦੇ ਕੇ ਬਲੀਦਾਨ ਦੇ ਕੇ ਈਮਾਨ ਨੂੰ ਸ਼ਕਤੀਵਾਨ ਕੀਤਾ :

ਠੀਕਰ ਫੋਰਿ ਦਿਲੀਸ ਸਿਰ, ਪ੍ਰਭੁ ਪੁਰਿ ਕੀਆ ਪਿਆਨ॥
ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ॥
ਤੇਗ ਬਹਾਦਰ ਕੇ ਚਲਤ, ਭਯੋ ਜਗਤ ਮਹਿ ਸ਼ੋਕ॥
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥ (ਬਚਿਤ੍ਰ ਨਾਟਕ ਪਾ:੧੦)

ਇਹ ਗੱਲ ਸੱਚ ਹੈ ਕਿ ਸਤਿਗੁਰਾਂ ਦਾ ਸ਼ਹੀਦੀ ਕਾਰਨਾਮਾ, ਅਦੁੱਤੀ ਹੈਸੀਅਤ ਰੱਖਦਾ ਹੈ। ਆਖਰ ਆਪ ਨੂੰ ਧਰਮ ਦੇ ਪੜਦੇ ਕੱਜਣ ਵਾਲਾ ਤੇ ਹਿੰਦ ਦੀ ਲੱਜ ਰੱਖਣ ਵਾਲਾ ਅਰਥਾਤ ਧਰਮ ਦੀ ਚਾਦਰ ਜਾਂ ਹਿੰਦ ਦੀ ਚਾਦਰ ਕਹਿ ਕੇ ਸਤਿਕਾਰਿਆ ਗਿਆ। ਇਹ ਸਮੁੱਚੇ ਦੇਸ਼ ਦੀ ਸ਼ਰਧਾਂਜਲੀ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਬਰ ਤੇ ਅਨਿਆਂ ਵਿਰੁੱਧ ਬਗਾਵਤ ਦਾ ਝੰਡਾ ਖੜ੍ਹਾ ਕਰਕੇ ਮਨੁੱਖੀ ਅਜ਼ਾਦੀ ਦੀ ਲਹਿਰ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ——— (ਗੁਰਮਤਿ ਪ੍ਰਕਾਸ਼ ਵਿਚੋਂ ਧੰਨਵਾਦ ਸਹਿਤ)


www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੧੦

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਨਵੰਬਰ ੯੮)

ਸਾਰਾ ਸੰਸਾਰ ਇਹਨਾਂ ਆਨਮਤ ਪਾਖੰਡ ਕਰਮਾਂ ਕਰਕੇ ਕਾਲ ਦਾ ਹੀ ਗ੍ਰਸਿਆ ਹੋਇਆ ਹੈ। ਬਿਨਾਂ ਨਾਮ, ਗੁਰਮਤਿ ਨਾਮ ਤੋਂ ਕਿਸੇ ਦਾ ਛੁਟਕਾਰਾ ਨਹੀਂ। ਆਨ ਕਰਮ ਸਭ ਬਿਕਾਰ ਰੂਪ ਹਨ। ਵਾਹਿਗੁਰੂ ਦਾ ਭਜਨ ਹੀ ਇਕ ਸਾਰ ਕਰਮ ਹੈ, ਜੋ ਕੇਵਲ ਗੁਰਮਤਿ ਧਾਰਨ ਕੀਤਿਆਂ ਹੀ ਪ੍ਰਾਪਤਿ ਹੁੰਦਾ ਹੈ। ਆਨਮਤ ਪਾਖੰਡ ਕਰਮਾਂ ਦੇ ਕੀਤਿਆਂ ਕਰਨਹਾਰੇ ਸੰਸਾਰੀਆਂ ਦਾ ਮਾਨ ਮੋਹ ਹੀ ਵਧਦਾ ਹੈ। ਤ੍ਰਿਸ਼ਨਾ ਕਦੇ ਬੁਝਦੀ ਹੀ ਨਹੀਂ, ਇਸ ਕਰਕੇ ਸਾਰਾ ਸੰਸਾਰ ਕਾਲ ਦਾ ਹੀ ਗ੍ਰਾਸ ਹੁੰਦਾ ਹੈ। ਯਥਾ ਗੁਰਵਾਕ—

ਹਰਿ ਭਜਿ ਆਨ ਕਰਮ ਬਿਕਾਰ ॥
ਮਾਨ ਮੋਹੁ ਨ ਬੁਝਤ ਤ੍ਰਿਸ਼ਨਾ ਕਾਲ ਗ੍ਰਸ ਸੰਸਾਰ ॥੧॥ ਰਹਾਉ॥
(੪॥੧॥੧੨੯) (ਸਾਰੰਗ ਮ:੫, ਪੰਨਾ ੧੨੨੯)

ਇਹਨਾਂ ਬਿਕਾਰ ਰੂਪ ਆਨਮਤ ਕਰਮਾਂ ਦੇ ਕਰਨ ਕਰਿ ਮਾਨ ਮੋਹ ਅਤੇ ਤਿਸ਼ਨਾ ਦਾ ਅਭਾਵ ਨਹੀਂ ਹੁੰਦਾ ਸਗੋਂ ਵਾਧਾ ਹੀ ਵਾਧਾ ਹੁੰਦਾ ਜਾਂਦਾ ਹੈ। ਮਾਨ ਭੀ ਵਧਦਾ ਜਾਂਦਾ ਹੈ; ਮੋਹ ਭੀ ਵਧੇਰਾ ਹੁੰਦਾ ਜਾਂਦਾ ਹੈ; ਤ੍ਰਿਸ਼ਨਾ ਭੀ ਦੂਣ ਸਵਾਈ ਹੁੰਦੀ ਜਾਂਦੀ ਹੈ। ਐਸੇ ਹਨ ਇਹ ਆਨਮਤ ਕਰਮ ਬਿਕਾਰ ਰੂਪ। ਆਨਮਤ ਕਰਮਾਂ ਦੇ ਪਾਖੰਡ ਰੂਪ ਹੋਣ ਦੀ ਪ੍ਰੋੜ੍ਹਤਾ ਇਹ ਅਗਲਾ ਗੁਰਵਾਕ ਖੋਲ੍ਹ ਕੇ ਨਿਰਣੇ ਕਰਾਉਂਦਾ ਹੈ—

ਨ ਭੀਜੈ ਰਾਗੀ ਨਾਦੀ ਬੇਦਿ ॥
ਨ ਭੀਜੈ ਸੁਰਤੀ ਗਿਆਨੀ ਜੋਗਿ॥ ਨ ਭੀਜੈ ਸੋਗੀ ਕੀਤੈ ਰੋਜਿ ॥
ਨ ਭੀਜੈ ਰੂਪੀ ਮਾਲੀ ਰੰਗਿ ॥ ਨ ਭੀਜੈ ਤੀਰਥਿ ਭਵਿਐ ਨੰਗਿ ॥
ਨ ਭੀਜੈ ਦਾਤੀ ਕੀਤੈ ਪੁੰਨਿ। ਨ ਭੀਜੈ ਬਾਹਰਿ ਬੈਠਿਆ ਸੁੰਨਿ ॥
ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥ ਨ ਭੀਜੈ ਕੇਤੇ ਹੋਵਹਿ ਧੂੜ ॥
ਲੇਖਾ ਲਿਖੀਐ ਮਨ ਕੈ ਭਾਇ ॥ ਨਾਨਕ ਭੀਜੈ ਸਾਚੈ ਨਾਇ ॥੨॥
(੧) (ਮ: ੧, ਸਾਰੰਗ ਕੀ ਵਾਰ ਮ:੪, ਪੰਨਾ ੧੨੩੭)

ਵਿਆਖਿਆ- ਗੁਰਮਤਿ ਭਗਤੀ ਭਾਵ ਅਤੇ ਭਜਨ ਤੋਂ ਸਖਣੇ ਫੋਕੇ ਆਨਮਤੀ ਰਾਗਾਂ ਅਨੁਰਾਗਾਂ ਦੁਆਰਾ ਵਾਹਿਗੁਰੂ ਨਹੀਂ ਰੀਝਦਾ, ਨਾ ਭਿਜਦਾ ਹੈ। ਨਾ ਹੀ ਆਨਮਤਿ ਨਾਦ ਬੇਦ ਧੁੰਨੀਆਂ ਦੇ ਉਚਾਰਿਆਂ ਵਾਹਿਗੁਰੂ ਸੁਪ੍ਰਸੰਨ ਹੁੰਦਾ ਹੈ, ਨਾ ਹੀ ਸੁਰਤੀਆਂ ਸਿਮ੍ਰਤੀਆਂ ਦੇ ਘੋਖਿਆਂ ਵਾਹਿਗੁਰੂ ਭਿਜਦਾ ਪ੍ਰਸਿਜਦਾ ਹੈ। ਨਾ ਹੀ ਆਨਮਤ ਅਨਿੰਨ ਪ੍ਰਕਤੀ ਗਿਆਨ ਦੇ ਘੋਖਿਆਂ ਅਤੇ ਹਠ ਜੋਗ ਕੀਤਿਆਂ ਭਿਜਦਾ ਹੈ। ਨਾ ਹੀ ਸੋਗ ਬ੍ਰਿਤ ਧਾਰਿਆਂ, ਮਰਨ ਬਰਤ ਕੀਤਿਆਂ ਅਤੇ ਰੋਜ਼ਿਆਂ ਦੇ ਰਖਿਆਂ ਪਰਮਾਤਮਾ ਪਰਸੰਨ ਹੁੰਦਾ ਹੈ। ਰੂਪ ਅਨਰੂਪ ਕਿਸੇ ਦਾ ਨਹੀਂ ਵੀਚਾਰਦਾ। ਬਹੁਤੇ ਰੂਪਵੰਤਿਆਂ ਤੇ ਭੀ ਨਹੀਂ ਖ਼ੁਸ਼ ਹੁੰਦਾ। ਮਾਲਦਾਰ ਗਰੀਬ ਕੰਗਾਲ ਉਸ ਨੂੰ ਇਕ ਸਮਾਨ ਹਨ। ਮਤ ਕੋਈ ਗੁਮਾਨ ਕਰੇ ਕਿ ਬਹੁਤੇ ਮਾਲ ਧਨ ਵਾਲਿਆਂ ਦੇ ਉਸ ਦੀ ਖ਼ੁਸ਼ੀ ਹੁੰਦੀ ਹੈ, ਭਾਵੇਂ ਪੰਡਾਂ ਦੀਆਂ ਪੰਡਾਂ ਮਾਲ ਧਨ ਦੀਆਂ ਦਾਨ ਪੁੰਨ ਕਰ ਕੇ ਉਸਨੂੰ ਰੀਝਾਵੇ, ਪਰ ਪ੍ਰੀਤਮ ਪਿਆਰਾ ਪਰਮਾਤਮਾ ਮਾਲ ਧਨ ਨਾਲਿ ਨਹੀਂ ਭਿਜਦਾ। ਜਿਹੜੇ ਲੋਗ ਮਾਇਕ ਸੁਖਾਂ ਦੀਆਂ ਬਹੁਤੀਆਂ ਰੰਗ-ਰਲੀਆਂ ਅਤੇ ਮੌਜਾਂ ਮਾਣਦੇ ਨਜ਼ਰ ਆਉਂਦੇ ਹਨ ਉਹ ਭੀ ਉਸ ਦੀ ਸੁਪ੍ਰਸੰਨਤਾ ਦੇ ਪਾਤਰ ਲੋਕ ਨਹੀਂ। ਦੁਨੀਆਂ ਨੂੰ ਐਵੇਂ ਭਰਮ-ਭੁਲਾਵਾ ਹੀ ਹੁੰਦਾ ਹੈ। ਜਿਨ੍ਹਾਂ ਉਤੇ ਉਹ ਬਹੁਤਾ ਵਰ੍ਹਦਾ ਹੈ ਉਹੀ ਮੌਜਾਂ ਰੰਗ ਮਾਣਦੇ ਹਨ। ਪਰ ਇਹ ਗੱਲ ਉਕਾ ਹੀ ਗ਼ਲਤ ਹੈ। ਸੱਚਾ ਸਾਹਿਬ ਰੂਪੀ ਰੰਗੀ ਕਦੇ ਨਹੀਂ ਭਿਜਦਾ। ਨਾ ਹੀ ਤੀਰਥਾਂ ਤੇ ਤਪ ਕਰਨ ਵਾਲਿਆਂ ਤੇ ਭਿਜਦਾ ਹੈ ਨੰਗੇ ਹੋ ਕੇ ਤਟ ਤੀਰਥਾਂ ਤੇ ਭਉਣ ਵਾਲਿਆਂ ਤੇ ਉਹ ਨਹੀਂ ਭਿਜਦਾ। ਨਾ ਹੀ ਦਾਨ ਪੁੰਨ



www.AKJ.Org

ਕੀਤਿਆਂ ਭਿਜਦਾ ਹੈ। ਅਤੇ ਨਾ ਹੀ ਸਿਆਲ ਰੁੱਤ ਵਿਖੇ ਬਾਹਰ ਬੈਠ ਕੇ ਪਾਲੇ ਵਿਚਿ ਸੁੰਨ ਸਹਿਆਂ, ਪਾਲੇ ਪਾਲੇ ਮਰਿਆਂ ਹੀ ਉਹ ਭਿਜਦਾ ਹੈ, ਸੁੰਨ ਸੀਤ ਸਹਿਣ ਦੀ ਫੋਕਟ ਤਪੱਸਿਆਂ ਪਾਖੰਡ ਰੂਪ ਹੀ ਹੈ। ਨਾ ਹੀ ਜੰਗ ਵਿਖੇ ਭਿੜ ਕੇ ਮਰਨ ਨਾਲਿ ਅਤੇ ਇਉਂ ਸੂਰਮਾ ਸਦਾਉਣ ਨਾਲਿ ਹੀ ਓਹ ਭਿਜਦਾ ਹੈ। ਹਉਮੈ ਵਡਿਆਈ ਦੇ ਅਧੀਨ ਹੋ ਕੇ ਜੰਗ ਵਿਚਿ ਭਿੜ ਮਰਨ ਨਾਲਿ ਕੋਈ ਸੂਰਮਾ ਨਹੀਂ ਬਣ ਸਕਦਾ। ਨਾ ਹੀ ਅਜਿਹੀ ਸੂੈਰਮਤਾਈ ਰੱਬ ਨੂੰ ਰੀਝਾ ਸਕਦੀ ਹੈ। ਨਾ ਹੀ ਧੂੜੀਆਂ ਮਿੱਟੀਆਂ ਵਿਚਿ ਰੁਲਣ ਨਾਲਿ ਅਤੇ ਸਰੀਰ ਨੂੰ ਸੁਆਹ ਮਲਣ ਨਾਲਿ ਪਰਮਾਤਮਾ ਭਿਜਦਾ ਹੈ, ਚਾਹੇ ਕਿੰਨੀ ਵਾਰ ਤੇ ਕਿਤਨੇ ਜੁਗਾਂ ਪ੍ਰਯੰਤ ਧੂੜ ਧੁਮਾਉਂਦਾ ਫਿਰੇ ਕੋਈ। ਕੇ ਤੇ ਹੀ ਅਜਿਹੀਆਂ ਧੂੜੀਆਂ ਧੁਮਾਉਂਦੇ ਅਤੇ ਧੂੜੀਆਂ ਰਮਾਉਂਦੇ ਮਰ ਗਏ ਹਨ, ਪਰ ਰਬ ਨਾ ਉਹਨਾਂ ਤੇ ਰੀਝਿਆ। ਇਹ ਉਪਰ ਦਸੀਆਂ ਸਭ ਉਪਰਲੀਆਂ ਉਪਰਲੀਆਂ ਤੇ ਓਪਰੀਆਂ ਪਾਖੰਡ ਕਿਰਿਆਵਾਂ ਹਨ, ਨਿਰੀਆਂ ਕਪਟ-ਕਮਾਈਆਂ ਹਨ। ਕਰਤਾਰ ਤਾਂ ਅੰਦਰਲੀ ਭਾਉ-ਭਾਵਨੀ ਉਤੇ ਹੀ ਰੀਝਦਾ ਹੈ ਮਨ ਦੇ ਭਾਇ ਕੀਤੇ ਕਰਮ ਹੀ ਉਸਨੂੰ ਪਸੰਦ ਆਉਂਦੇ ਹਨ। ਅਤੇ ਲੇਖੇ ਪੈਂਦੇ ਹਨ। ਮਨ ਨੂੰ ਸੰਵਾਰਨਹਾਰਾ ਕਰਮ ਇਕੋ ਨਾਮ ਸੱਚੇ ਨਾਮ ਦਾ ਅਭਿਆਸ ਕਰਮ ਹੈ। ਬਸ, ਸੱਚਾ ਸਾਹਿਬ ਵਾਹਿਗੁਰੂ ਨਿਰੰਕਾਰ ਜੇ ਭਿਜਦਾ ਹੈ ਤਾਂ ਸੱਚੇ ਨਾਮ ਦੀ ਕਮਾਈ ਕੀਤਿਆਂ ਹੀ ਭਿਜਦਾ ਹੈ। ਹੋਰ ਆਨਮਤ ਪਾਖੰਡ ਕਰਮ ਕਿਸੇ ਭੀ ਲੇਖੇ ਨਹੀਂ ਪੈਂਦੇ। ਅਗਲਾ ਗੁਰਵਾਕ ਭੀ ਕਿਆ ਨਿਸ਼ਾ ਕਰਦਾ ਹੈ -

ਨਾਮ ਹੀਣੁ ਬਿਨਸੈ ਦੁਖੁ ਪਾਇ॥ ਤ੍ਰਿਸਨਾ ਜਲਿਆ ਭੂਖ ਨ ਜਾਇ ॥
ਵਿਣੁ ਭਾਗਾ ਨਾਮੁ ਨ ਪਾਇਆ ਜਾਇ॥ਬਹੁ ਬਿਧਿ ਥਾਕਾ ਕਰਮ ਕਮਾਇ॥੩॥
ਤ੍ਰੈ-ਗੁਣ ਬਾਣੀ ਬੇਦ ਬੀਚਾਰੁ॥ ਬਿਖਿਆ ਮੈਲੁ ਬਿਖਿਆ ਵਾਪਾਰੁ ॥
ਮਰਿ ਜਨਮਹਿ ਫਿਰਿ ਹੋਹਿ ਖੁਆਰੁ॥ ਗੁਰਮੁਖਿ ਤੁਰੀਆ ਗੁਣੁ ਉਰਿ ਧਾਰੁ॥
੪॥੫॥੪॥੧੩ (ਮਲਾਰ ਮ:੩, ਪੰਨਾ ੧੨੬੨)

ਵਿਆਖਿਆ— ਨਾਮ ਤੋਂ ਹੀਣ ਦੁਖ ਹੀ ਦੁਖ ਵਿਚਿ ਪਚ ਪਚ ਮਰਦੇ ਹਨ। ਉਹਨਾਂ ਨੂੰ ਸੁਖ ਕਦੇ ਨਹੀਂ । ਤ੍ਰਿਸ਼ਨਾ ਮਾਇਆ ਦੀ ਭੁੱਖ ਕਦੇ ਉਤਰਦੀ ਨਹੀਂ। ਨਾ ਹੀ ਭੇਖੀਂ ਭੁੱਖ ਜਾਂਦੀ ਹੈ। ਜਿਉਂ ਜਿਉਂ ਤ੍ਰਿਸ਼ਨਾ ਪਰਬਲ ਹੁੰਦੀ ਜਾਂਦੀ ਹੈ ਤਿਉਂ ਤਿਉਂ ਤ੍ਰਿਸ਼ਨਾ-ਜਲਨ ਹੋਰ ਵਧਦੀ ਜਾਂਦੀ ਹੈ, ਪਰ ਭੁੱਖ ਨਹੀਂ ਜਾਂਦੀ। ਨਾਮ ਬਿਨਾਂ ਇਹ ਭੁੱਖ ਕਦੇ ਨਹੀਂ ਮਿਟਦੀ, ਭਾਵੇਂ ਕਿਤਨੇ ਹੀ ਪਾਖੰਡ ਭੇਖ ਕੀਤੇ ਜਾਣ। ਪਰ ਭਾਗਾਂ ਬਿਨਾਂ ਨਾਮੁ ਨਹੀਂ ਪਾਇਆ ਜਾਂਦਾ। ਬਥੇਰੇ ਪਾਖੰਡ ਕਰਮ ਕਰਿ ਕਰਿ ਆਨਮਤਿ ਲੋਗ ਥਕ ਰਹੇ ਹਨ। ਉਨ੍ਹਾਂ ਨੂੰ ਪਰਮਾਰਥ ਦੀ ਸੂਝ ਬੂਝ ਹੋਣੀ ਹੀ ਨਹੀਂ ਪਾਉਂਦੀ। ਇਹ ਸੂਝ ਬੂਝ ਹੁੰਦੀ ਹੈ ਤਾਂ ਨਾਮ ਦੀ ਬਰਕਤ ਨਾਲਿ ਹੁੰਦੀ ਹੈ। ਪਾਖੰਡ ਕਰਮ ਕੀਤਿਆਂ ਨਾਮ ਦੁਰੇਡੇ ਹੀ ਰਹਿ ਜਾਂਦਾ ਹੈ ਪਾਖੰਡ-ਕਰਮ ਨਾਮ ਵਲ ਆਉਣ ਹੀ ਨਹੀਂ ਦਿੰਦੇ। ਬੇਦ-ਬਾਣੀ ਦਾ ਕਿਤਨਾ ਹੀ ਵੀਚਾਰ ਕਰੋ, ਇਹ ਤ੍ਰੈਗੁਣ ਵਿਚਿ ਹੀ ਉਲਝਾਉਣ ਫਸਾਉਣ-ਹਾਰੀ ਹੈ। ਜਿਉਂ ਜਿਉਂ ਇਸਦਾ ਵੀਚਾਰ ਕਰੋਗੇ ਤਿਉਂ ਤਿਉਂ ਫਸਣ ਧਸਣ ਵਧਦੀ ਹੀ ਜਾਵੇਗੀ। ਤਿੰਨਾ ਗੁਣਾਂ ਦੀ ਮਾਇਆ ਦੀ ਮੋਹ ਵਾਲਾ ਵੀਚਾਰ ਹੀ ਬੇਦਾਂ ਵਿਚਿ ਥਪਿਆ ਪਿਆ ਹੈ। ਤਾਂਤੇ ਤਿਨਾਂ ਗੁਣਾਂ ਵਾਲੀ ਬੇਦ-ਬਾਣੀ ਨੂੰ ਮੰਨਣ ਵਾਲੇ ਅਤੇ ਤਿਸ ਉਪਰ ਚਲਣ ਵਾਲੇ ਆਵਾਗਉਣ ਵਿਚਿ ਪੈ ਪੈ ਖੁਆਰ ਹੁੰਦੇ ਰਹਿੰਦੇ ਹਨ। ਗੁਰਬਾਣੀ ਨੂੰ ਮੰਨਣ ਕਮਾਉਣ ਵਾਲੇ ਗੁਰਮੁਖ ਚੌਥੀ ਅਵਸਥਾ (ਤੁਰੀਆ ਪਦ) ਵਿਚਿ ਜਾ ਖੇਡਦੇ ਹਨ ਅਤੇ ਤੁਰੀਆ ਪਦ ਵਾਲੇ ਗੁਣਾਂ ਨੂੰ ਹੀ ਸਦਾ ਹਿਰਦੇ ਵਿਚਿ ਧਾਰੀ ਰਖਦੇ ਹਨ। ਤੁਰੀਆ ਗੁਣ ਉਰਿਧਾਰਨ ਵਾਲਾ ਟਿਕਾਉ ਕਦੇ ਉਭਾਰੇ ਵਿਚ ਨਹੀਂ ਆਉਂਦਾ, ਚੜ੍ਹਦੀ ਕਲਾ ਵਿਚਿ ਰਹਿੰਦਾ ਹੈ। ਅਗਲੇ ਗੁਰਵਾਕ ਅੰਦਰਿ ਜੈਨੀਆਂ ਦੇ ਪਾਖੰਡ ਕਰਮ ਦੀ ਝੰਡ ਲਾਹੀ ਜਾਂਦੀ ਹੈ। ਯਥਾ ਗੁਰਵਾਕ-

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥
ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨਾਇਆ ॥


www.AKJ.Org

ਹਥੀ ਸਿਰ ਖੋਹਾਇਨ ਭਦੁ ਕਰਾਇਆ ॥
ਕੁਚਿਲ ਰਹਹਿ ਦਿਨੁ ਰਾਤਿ ਸਬਦੁ ਨ ਭਾਇਆ ॥
ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗੰਵਾਇਆ ॥
ਮਨਿ ਜੂਠੈ ਵੇਜਾਤਿ ਜੂਠਾ ਖਾਇਆ ॥
ਬਿਨੁ ਸਬਦੈ ਆਚਾਰੁ ਨ ਕਿਨਹੀ ਪਾਇਆ ॥
ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥ ੧੬॥

(ਵਾਰ ਮਲਾਰ ਮ:੧, ਪੰਨਾ ੧੨੮੫)

ਸਭ ਤੋਂ ਮੰਦ ਕਰਮ ਪੂਰਬਲੇ ਜੈਨੀਆਂ ਦੇ ਕੀਤੇ ਹੋਏ ਹਨ। ਉਹ ਧੁਰ ਦਰਗਾਹੋਂ ਪਹਿਲਾਂ ਤੋਂ ਹੀ ਧਕੇ ਹੋਏ ਹਨ। ਉਹਨਾਂ ਦੇ ਕੀਤੇ ਕਰੂਰ ਕਰਮਾਂ ਦੇ ਕਾਰਨ ਉਹ ਕਰਾਹੇ ਹੀ ਪਏ ਹੋਏ ਹਨ। ਉਹਨਾਂ ਦੇ ਕਰਮਾਂ ਦੇ ਕਾਰਨ ਉਹ ਕੁਰਾਹੇ ਹੀ ਪਏ ਰਹਿੰਦੇ ਹਨ ਅਤੇ ਕੁਰਾਹੇ ਹੀ ਪਏ ਰਹਿਣਗੇ। ਉਹਨਾਂ ਦੇ ਪਾਖੰਡ ਕਰਮ ਕਦੇ ਭੀ ਉਹਨਾਂ ਦੀ ਕਲਿਆਣ ਨਹੀਂ ਹੋਣ ਦੇਣਗੇ। ਉਹਨਾਂ ਦੀ ਮੰਦ-ਕਰਮੀ ਐਸੀ ਹੈ ਕਿ ਉਹਨਾਂ ਦੇ ਮੂੰਹੋਂ ਕਿਰਤਮ ਨਾਮ ਭੀ ਕਦੇ ਸੁਪਨੇ ਵਿਚ ਭੀ ਨਹੀਂ ਨਿਕਲਦਾ। ਉਹਨਾਂ ਦੀ ਕਿਰਮਤ ਵਿਚਿ ਆਨਮਤ ਤੀਰਥਾਂ ਦਾ ਨ੍ਹਾਉਣਾ ਭੀ ਨਹੀਂ ਲਿਖਿਆ। ਉਹ ਨ੍ਹਾਉਂਦੇ ਧੋਂਦੇ ਤਾਂ ਉਕੇ ਹੀ ਨਹੀਂ। ਸਦਾ ਮੈਲੇ ਕੁਚੈਲੇ ਬਿਖ ਕੁਚੀਲਤਾ ਵਿਚਿ ਲਿੱਪੇ ਹੀ ਰਹਿੰਦੇ ਹਨ। ਆਪਣੇ ਹੱਥਾਂ ਨਾਲਿ ਹੀ ਚੂੰਢੀਆਂ ਭਰ ਭਰ ਕੇ ਸਾਰੇ ਸਿਰ ਕੇ ਵਾਲ ਇਕ ਇਕ ਕਰ ਕੇ ਪੁੱਟ ਸੁਟਦੇ ਹਨ। ਜੜ੍ਹੋਂ ਹੀ ਵਾਲਾਂ ਨੂੰ ਖੋਹ ਕੇ ਘੋਨ ਮੋਨ ਰੜੇ ਪਟੱਕ ਗੰਜ ਕਢਿ ਲੈਂਦੇ ਹਨ। ਆਮ ਹਿੰਦੂਆਂ ਮੋਨਿਆਂ ਵਾਂਗੂੰ ਭਦਨ ਨਹੀਂ ਕਰਾਉਂਦੇ, ਸਿਰ ਨਹੀਂ ਮੁਨਵਾਉਂਦੇ। ਦਿਨ ਰਾਤ ਮੈਲੇ ਗੰਦੇ ਹੀ ਰਹਿੰਦੇ ਹਨ। ਉਹਨਾਂ ਦਾ ਤਨ (ਸਰੀਰ ਬਦਨ) ਭੀ ਮੈਲਾ ਤੇ ਮਨ ਭੀ ਸਦਾ ਮੈਲਾ ਰਹਿੰਦਾ ਹੈ ਮਨ ਦੀ ਮੈਲ ਕਟਣਹਾਰਾ ਗੁਰੂ ਦਾ ਸ਼ਬਦ ਹੈ, ਸੋ ਉਹਨਾਂ ਨੂੰ ਭਾਉਂਦਾ ਨਹੀਂ। ਗੁਰੂ ਦਾ ਸ਼ਬਦ ਤਾਂ ਕੀ ਭਾਉਣਾ ਸੀ, ਉਹਨਾਂ ਨੂੰ ਕਿਰਤਮ ਨਾਮ ਦੀ ਸਿਖਿਆ ਭੀ ਨਹੀਂ ਭਾਉਂਦੀ। ਨਾ ਉਹਨਾਂ ਦੀ ਕੋਈ ਜਾਤਿ ਹੈ ਨਾ ਪਾਤਿ ਹੈ। ਨਾ ਕੋਈ ਕਰਮੁ ਹੀ ਉਹਨਾਂ ਦਾ ਐਸਾ ਹੈ ਜੋ ਉਹਨਾਂ ਦੀ ਸਦਗਤੀ ਕਰਿ ਸਕੇ। ਬਸ, ਮਨੁਖਾ ਜਨਮ ਗਵਾ ਕੇ ਹੀ ਚਲੇ ਜਾਂਦੇ ਹਨ। ਨਰਕ ਘੋਰ ਭਰਮ ਕੇ ਫੇਰ ਚੁਰਾਸੀ ਦੇ ਗੇੜ ਵਿਚਿ ਜਾ ਪੈਂਦੇ ਹਨ। ਤਿਨ੍ਹਾਂ ਦਾ ਮਨ ਭੀ ਜੂਠਾ ਹੁੰਦਾ ਹੈ ਅਤੇ ਮੁਖ ਭੀ ਜੂਠਾ। ਸਦਾ ਜੂਠਾ ਹੀ ਖਾਂਦੇ ਹਨ। ਇਹ ਜੈਨੀ ਧਰਮ ਭੀ ਧਰਮਾਂ ਵਿਚੋਂ ਕੋਈ ਧਮਰ ਹੈ। ਨਾ ਏਹਨਾਂ ਦਾ ਕਰਮ ਨਾ ਧਰਮ। ਏਹਨਾਂ ਜੈਨ-ਕਰਮੀਆਂ ਜੈਨ-ਧਰਮੀਆ ਦੀ ਜੁਜਾਂ ਪ੍ਰਯੰਤ ਭੀ ਕਦੇ ਸਦਗਤੀ ਨਹੀਂ ਹੋਣੀ। ਇਹਨਾਂ ਦੇ ਆਚਾਰ ਭੀ ਸਦਾ ਮੈਲੇ ਹੀ ਰਹਿੰਦੇ ਹਨ। ਰਹਿੰਦੀ ਬਹਿੰਦੀ, ਬਿਨਾਂ ਗੁਰਮਤਿ ਗੁਰਸ਼ਬਦ ਦੀਖਿਆ ਲਏ ਦੇ ਕਦੇ ਭੀ ਪ੍ਰਾਪਤਿ ਨਹੀ- ਹੁੰਦੀ। ਕਿਸੇ ਨੂੰ ਭੀ ਨਹੀਂ ਮਿਲਦੀ, ਖ਼ਾਸ ਕਰਿ ਏਹਨਾਂ ਕੁਚਿਲ ਕੁਚੀਲ ਜੈਨੀਆਂ ਨੂੰ ਤਾਂ ਉਕੀ ਹੋਣੀ ਹੀ ਨਹੀਂ। ਗੁਰ ਸ਼ਬਦ ਦੇ ਪਰਤਾਪ ਕਰਿ ਇਹ ਗੁਰਮੁਖ ਜਨ ਹੀ ਹਨ, ਜੋ ਵਾਹਿਗੁਰੂ ਨਿਰੰਕਾਰ ਦੇ ਓਅੰਕਾਰ ਰੂਪੀ ਸੱਚੇ ਸਰੂਪ ਵਿਚਿ ਸਮਾ ਜਾਂਦੇ ਹਨ। ਅਤੇ ਇਉਂ ਸੱਚੇ ਵਾਹਿਗੁਰੂ ਵਿਚਿ ਸਮਾਇ ਕੇ ਨਿਰੰਕਾਰ ਵਿਚ ਅਭੇਦ ਹੋ ਜਾਂਦੇ ਹਨ। ਗੁਰੂ ਦੇ ਸ਼ਬਦ ਦੇ ਪਰਤਾਪ ਨਾਲਿ ਗੁਰਮਤਿ ਅਨੁਸਾਰ ਆਪਣਾ ਆਚਾਰ ਕਰਮ ਰਵੱਈਆ ਢਾਲਣ ਵਾਲੇ ਅਤੇ ਗੁਰ ਬਚਨ ਪਾਲਣ ਵਾਲੇ ਗੁਰਮਤਿ ਕਰਮੀ, ਲੋਕ ਪਰਲੋਕ ਵਿਖੇ ਸੁਖੀ ਅਤੇ ਸੁਹੇਲੇ ਹੁੰਦੇ ਹਨ ਅਤੇ ਦੂਜੇ ਭਾਵ ਦੇ ਕਰਮ ਕਰਨ ਵਾਲੇ ਸਦਾ ਖੁਆਰ ਹੁੰਦੇ ਹਨ। ਪ੍ਰੇਮ ਤੋਂ ਬਿਨਾਂ ਨਿਰੇ ਫੋਕੇ ਹਠ ਨਾਲਿ ਕੀਤੇ ਕਰਮ-ਰਾਗ ਨਾਦ ਬਰਤ ਆਦਿ ਤ੍ਰਿਸ਼ਨਾ ਹੀ ਵਧਾਉਂਦੇ ਹਨ। ਸੱਚੀ ਸ਼ਾਂਤੀ ਵਾਲਾ ਸੰਤੋਖ ਕੇਵਲ ਗੁਰਮਤਿ ਨਾਮ ਤੋਂ ਹੀ ਮਿਲ ਸਕਦਾ ਹੈ। ਐਸਾ ਨਿਖਾਰ ਅਗਲੇ ਗੁਰਪ੍ਰਮਾਣ ਅੰਦਰਿ ਨਿਖਾਰਿਆ ਗਿਆ ਹੈ। ਇਸ ਵਿਚਿ ਹਠ-ਧਰਮੀਆਂ ਦੀ ਖ਼ੂਬ ਬਣਾ ਕੇ ਗਤਿ ਕੀਤੀ ਗਈ ਹੈ। ਯਥਾ ਗੁਰਵਾਕ—


www.AKJ.Org

ਸਚਾ ਅਲਖ ਅਭੇਉ ਹਠਿ ਨ ਪਤੀਜਈ ॥
ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥
ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥
ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥
ਤ੍ਰਿਸ਼ਨਾ ਹੋਈ ਬਹੁਤੁ ਕਿਵੈ ਨ ਧੀਜਈ ॥
ਕਰਮ ਵਧਹਿ ਕੈ ਲੋਅ ਖਪਿ ਮਰੀਜਈ ॥
ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ ॥
ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ ॥੧੭॥ (ਵਾਰ ਮ:੧, ਪੰਨਾ ੧੨੮੫)

ਵਿਆਖਿਆ– ਜੋ ਵਾਹਿਗੁਰੂ ਅਲਖ ਹੈ, ਕਿਸੇ ਤੋਂ ਲਖਿਆ ਨਹੀਂ ਜਾਂਦਾ, ਜਿਸ ਦਾ ਭੇਦ ਕਿਸੇ ਤੋਂ ਪਾਇਆ ਨਹੀਂ ਜਾਂਦਾ, ਐਸਾ ਅਲਖ ਅਭੇਉ ਸੱਚਾ ਸਾਹਿਬ ਵਾਹਿਗੁਰੂ ਨਿਰੰਕਾਰ ਭਲਾ ਨਿਰੇ ਹਠ-ਕਰਮਾਂ ਨਾਲਿ ਕਿਵੇਂ ਪਤੀਜਦਾ, ਕਿਵੇਂ ਰਾਜ਼ੀ ਹੋ ਸਕਦਾ ਹੈ। ਪਤੀਜਦਾ ਹੈ ਤਾਂ ਪ੍ਰੇਮ ਨਾਲਿ ਕੀਤੇ ਸਿਫਤਿ ਸਾਲਾਹੀ ਸੱਚੇ ਕਰਮ ਨਾਮ ਅਭਿਆਸ ਕਮਾਈ ਦੁਆਰਾ ਹੀ ਪਤੀਜਦਾ ਹੈ। ਪ੍ਰੇਮ ਨਾਲਿ ਗਾਈ ਕੀਰਤਨਾਈ ਬਾਣੀ ਦੁਆਰਾ ਜੋ ਗੁਰਮੁਖ ਗਾਵੰਦੇ ਹਨ, ਉਹ ਸੱਚਾ ਸਾਹਿਬ ਸਭ ਤੋਂ ਵਧ ਅਤੇ ਛੇਤੀ ਤੋਂ ਛੇਤੀ ਪਤੀਜਦਾ ਰੀਝਦਾ ਹੈ, ਹੋਰ ਕੱਚੀ ਬਾਣੀ ਦੀਆਂ ਰਾਗਣੀਆਂ ਭਾਵੇਂ ਅਨਿਕ ਤਰੰਗੀ ਰਾਗਾਂ ਨਾਲਿ ਇੰਦਰ-ਅਖਾੜੇ ਦੀਆਂ ਪਰੀਆਂ ਭੀ ਜ਼ੋਰ ਲਾ ਲਾ ਕੇ ਗਾਵਨਿ, ਇਹਨਾਂ ਰਾਗਾਂ ਨਾਲਿ ਵਾਹਿਗੁਰੂ ਕਦੇ ਨਹੀਂ ਪਤੀਜਦਾ, ਕਿਉਂਕਿ ਇਹ ਰਾਗ ਮਨ-ਉਕਤ ਕਚ-ਮਿਲੇ ਗੀਤਾਂ ਨਾਲਿ ਹੁੰਦੇ ਹਨ। ਏਹਨਾਂ ਵਿਚਿ ਪ੍ਰੇਮ ਦੀ ਅੰਸ ਨਹੀਂ ਹੁੰਦੀ, ਨਾ ਹੀ ਰੱਬ ਨਾਲਿ ਜੋੜਨ ਵਾਲੀ ਰੱਬੀ ਖਿੱਚ ਮਨ-ਹਠੀ ਰਾਗਾਂ ਵਿਚਿ ਹੁੰਦੀ ਹੈ। ਇਹ ਰਾਗ ਤਾਂ ਮਨ ਦੀ ਚੰਚਲਤਾ ਨੂੰ ਹੀ ਵਧਾਉਂਦੇ ਹਨ। ਚੰਚਲਤਾ ਕਰਿ ਉਚਾਰੇ ਹੋਏ ਹਠ-ਗੀਤਾਰੇ ਰਾਗ ਹੀ ਹੁੰਦੇ ਹਨ। ਇਹਨਾਂ ਰਾਗਾਂ ਦੇ ਗਾਉਣ ਸੁਣਨ ਕਰਿ ਸਗੋਂ ਬਿਰਤੀਆਂ ਗਉਣ ਸੁਣਨਹਾਰਿਆਂ ਦੀਆਂ ਹੋਰ ਉਚਾਂਟ ਅਤੇ ਚੰਚਲ ਹੁੰਦੀਆਂ ਹਨ। ਵਾਹਿਗੁਰੂ ਅਤੇ ਵਾਹਿਗੁਰੂ ਦੇ ਪ੍ਰੇਮ ਤੋਂ ਬੇਮੁਖ ਕਰਾਉਂਦੀਆਂ ਹਨ।

ਅੱਜ ਕਲ੍ਹ ਦੇ ਰਾਗ-ਰੀਤੀ ਅਖਾੜਿਆਂ ਵਿਚਿ ਇਹੀ ਕਚ-ਰਾਗ ਦਾ ਧੰਦ ਪਿਟਿਆ ਜਾਂਦਾ ਹੈ। ਸਾਰੀ ਦੁਨੀਆ ਏਹਨਾਂ ਰਾਗਾਂ ਨੇ ਪਟ ਕੇ ਵਗਾਹ ਦਿੱਤੀ ਹੈ, ਕੁਸੰਗ ਦੇ ਨਰਕ ਘੋਰ ਵਿਚਿ ਪਾ ਛਡੀ ਹੈ ਪਰਵਾਰਾਂ ਦੇ ਪਰਵਾਰ ਇਸ ਰਾਗ ਦੇ ਚਸਕੇ ਵਿਚਿ ਰੁੜ੍ਹੇ ਹੋਏ ਰਸਾਤਲ ਨੂੰ ਚਲੇ ਜਾ ਰਹੇ ਹਨ। ਪਰ ਬਾਜ਼ ਨਹੀਂ ਆਉਂਦੇ। ਏਹਨਾਂ ਨੂੰ ਦੇਖਿ ਦੇਖਿ ਬੀਮਾਰੀ ਹੋਰ ਭੀ ਦਿਨੋ ਦਿਨ ਵਧੀ ਤੁਰੀ ਜਾਂਦੀ ਹੈ। ਕੋਈ ਠੱਲ੍ਹ ਨਹੀਂ, ਕੋਈ ਬਚਾਉ ਨਹੀਂ। ਰੁੜ੍ਹਾਉ ਹੀ ਰੁੜ੍ਹਾਉ ਹੈ। ਚਟਪਟੇ ਰਾਗਾਂ ਦੇ ਕੁਚਸਕੇ ਨੇ ਜੋ ਅੱਜ ਕਲ੍ਹ ਦੇ ਸਿਨਿਮਿਆਂ ਅਤੇ ਥੀਏਟਰਾਂ ਵਿਚਿ ਗਾਏ ਸੁਣੇ ਜਾਂਦੇ ਹਨ, ਦੁਨੀਆ ਦੀ ਹਰ ਇਕ ਕੌਮ ਦੀ ਯੁਵਕ ਪਨੀਰੀ ਨੂੰ ਖੁਆਰ ਅਤੇ ਪਾਗਲ ਕਰ ਛਡਿਆ ਹੈ। ਨੌਜਵਾਨਾਂ ਦੇ ਆਚਾਰ ਗੰਦੇ ਕੀਤੇ ਹਨ। ਇਹਨਾਂ ਸਿਨਿਮਿਆਂ ਥੀਏਟ੍ਰੀਕਲ ਰਾਗਾਂ ਨੇ ਗਰੀਬ ਤੋਂ ਗਰੀਬ, ਮਾਇਆ ਕਰ ਕੇ ਕੰਗਾਲ ਤੋਂ ਕੰਗਾਲ ਤਬਕੇ ਦੇ ਬੁਢੇ ਬਾਲ ਅਤੇ ਜਵਾਨ ਇਸਤ੍ਰੀ ਮਰਦ ਪਰਵਾਰਾਂ ਦੇ ਪਰਵਾਰ ਉਜਾੜ ਕੇ ਫਨਾਹ ਕਰ ਦਿਤੇ ਹਨ। ਫ਼ੀ ਜ਼ਮਾਨੇ ਵਿਜ ਜੋ ਆਚਾਰ-ਹੀਨਤਾ ਤੇ ਨਿਰਧਨਤਾ ਅਤੇ ਹੋਰ ਹਰਿ ਪ੍ਰਕਾਰ ਦੀ ਕੁਚਿਲ ਕੁਚੀਲਤਾ ਸਾਰੀ ਦੁਨੀਆ ਵਿਚਿ ਵਰਤ ਰਹੀ ਹੈ ਸੋ ਇਸ ਨਵੇਂ ਫ਼ੈਸ਼ਨੀ ਰਾਗ ਦੀ ਪਟਮੇਲੀ ਕਰ ਕੇ ਹੀ ਵਰਤ ਰਹੀ ਹੈ, ਜਿਥੋਂ ਉਭਰਨਾ ਰੁੜ੍ਹੀ ਜਾਂਦੀ ਜਨਤਾ ਲਈ ਅਤੀਅੰਤ ਹੀ ਕਠਨ ਹੋ ਗਿਆ ਹੈ। ਇਸ ਰਾਗ ਦੀ ਪਟਮੇਲੀ ਨੇ ਇਸਨਾਨ ਮਾਤਰ ਨੂੰ ਹੈਵਾਨ ਬਣਾ ਛਡਿਆ ਹੈ ਅਤੇ ਸਤ ਸਦੀਵੀ ਪਸ਼ੇਮਾਨਤਾ ਦੀ ਗਹਿਰ ਵਿਚ ਪਾ ਛਡਿਆ ਹੈ। ਸਭਸ, ਦਾ, ਬੰਦੇ ਬਸ਼ਰ ਮਾਤ੍ਰ ਦਾ ਸੁਆਰਥ ਪਰਮਾਰਥ ਖਾਨ ਪਾਨ ਧਨ ਧਾਮ ਸਭ ਕੁਛ ਵਿਗਾੜ ਛਡਿਆ ਹੈ। ਗੰਦੇ ਮੰਦੇ ਇਸ਼ਕੀਆ ਰਾਗਾਂ ਦੀਆਂ ਟੇਢੀਆਂ ਰੀਤਾਂ ਨੇ ਇਨਸਾਨੀ ਦਿਲੋ ਦਿਮਾਗ ਨੂੰ ਗੰਦਾ ਪਰਾਗੰਦਾ ਕਰਿ


www.AKJ.Org

ਦਿਤਾ ਹੋਇਆ ਹੈ। ਇਹਨਾਂ ਰਾਗਾਂ ਨਾਲਿ ਛਿੰਨ ਭੰਗਰੀ ਕੁਚਸਕਤਾ ਭਰੀ ਖੀਨ ਖਰਾਬੜੀ ਖੁਮਾਰੀ ਕੁਪੁਠੜੇ ਦਿਮਾਗਾਂ ਤੇ ਦਿਲਾਂ ਨੂੰ ਚੜ੍ਹ ਜਾਂਦੀ ਹੈ, ਪਰ ਛਿਨ ਮਾਤਰ ਵਿਚ ਉਤਰ ਜਾਂਦੀ ਹੈ ਅਸਲ ਅਹਿਲਾਦ, ਸਦੀਵੀ ਖੁਸ਼ੀ ਵਾਲਾ ਅਹਿਲਾਦ ਇਹਨਾਂ ਕਚਪਿਚੇ ਰਾਗਾਂ ਦੁਆਰਾ ਕਦਾਚਿਤ ਹਾਸਿਲ ਨਹੀਂ ਹੋ ਸਕਦਾ। ਪਰਮਾਰਥ ਵਲ ਰੁਚੀ ਹੀ ਨਹੀਂ ਦਉੜ ਸਕਦੀ। ਇਹ ਰਾਗ ਪਰਮਾਤਮ ਪ੍ਰਾਪਤੀ ਦੇ ਪਰਮਾਰਥੀ ਪਾਸੇ ਵਲੋਂ ਸਗੋਂ ਬੇਮੁਖਤਾਈ ਕਰਾਉਣ ਦਾ ਕਾਰਨ ਬਣਦੇ ਹਨ। ਪਰਮਾਤਮਾ ਕਦੇ ਭਿਜਦਾ ਪਰਸਿਜਦਾ ਹੈ ਇਹਨਾਂ ਰਾਗ ਰਾਗਨੀਆਂ ਦੁਆਰਾ? ਕਦੇ ਨਹੀਂ ਪਤੀਜਦਾ ।

ਗੁਰਬਾਣੀ ਗਉਣ ਦੇ ਪਰਮਾਰਥੀ ਵੇਗ ਵਿਚਿ ਹੀ ਅਸਾਡੇ ਚੁਟਕੀਲੇ ਫੁਟਕੀਲੇ ਰਾਗੀਆਂ ਨੇ ਸਿਨਮਿਆਂ ਥੀਏਟਰਾਂ ਦੀਆਂ ਤਰਜ਼ਾਂ ਲਿਆਇ ਘਸੋੜੀਆਂ ਹਨ। ਜੋ ਗਾਵਨ ਸੁਣਨ ਹਾਰਿਆਂ ਦੀਆਂ ਮਾਨਸਿਕ ਤ੍ਰਿਸ਼ਨਾਵਾਂ ਹੀ ਵਧਾਉਂਦੀਆਂ ਹਨ। ਸਾਰੇ ਚਟਪਟੀਲੇ ਰਾਗੀ ਚਟਪਟੀਲੇ ਰਾਗਾਂ ਦੀਆਂ ਤਰਜ਼ਾਂ ਦੇ ਕੁੱਠੇ ਹੋਏ ਤੇ ਉਨ੍ਹਾਂ ਦੇ ਸ੍ਰੋਤੇ ਨਿਰੀਆਂ ਰਾਗਾਂ ਦੀਆਂ ਚਟਪਟੀਲੀਆਂ ਦੇ ਹੀ ਮੁੱਠੇ ਹੋਏ ਹਨ। ਗੁਰਸ਼ਬਦ ਦੇ ਭਾਵ ਵਲ ਕਿਸੇ ਦਾ ਧਿਆਨ ਹੀ ਨਹੀਂ ਜਾਂਦਾ। ਕਿਸੇ ਦੀ ਸੁਰਤੀ ਹੀ ਨਹੀਂ ਜੁੜਦੀ। ਪਰਮਾਤਮਾ ਨਾਲਿ ਲਿਵ ਜੜਨ ਜੋੜਨ ਦਾ ਸਭ ਤੋਂ ਵਧੀਕ ਵਸੀਲਾ ਗੁਰਮਤਿ ਅਨੁਸਾਰ ਗੁਰੂ ਘਰ ਅੰਦਰ ਇਕ ਕੀਰਤਨ-ਰਸ ਤਰੰਗ ਹੀ ਸੀ, ਸੋ ਉਸਦਾ ਅਭਾਵ ਹੋ ਰਿਹਾ ਹੈ। ਸੋ ਇਹਨਾਂ ਕੁਰਾਗਾਂ ਕੁਰੰਗਾਂ ਦੇ ਕੁਚਸਕੇ ਦੁਆਰਾ ਹੋ ਰਿਹਾ ਹੈ। ਨਾਨਾ ਪ੍ਰਕਾਰ ਦੇ ਸੁਆਂਗ ਬਣਾ ਕੇ ਜੋ ਅੱਜ ਕਲ੍ਹ ਦੇ ਸਿਨਿਮਿਆਂ ਥੀਏਟਰਾਂ ਵਿਚਿ ਨਾਚ ਰੰਗ ਹੁੰਦੇ ਹਨ ਅਤੇ ਤਾਲ ਪੂਰੇ ਜਾਂਦੇ ਹਨ, ਏਹ ਸਭ ਨੌਜਵਾਨਾਂ ਨੂੰ ਕੀ, ਹਰ ਪ੍ਰਾਣੀ ਮਾਤਰ ਨੂੰ ਰਸਾਤਲ ਵਿਚਿ ਡੁਬੋਣ ਦਾ ਸਉਦਾ ਹੈ। ਪਰਮਾਰਥ ਵਲ ਤਾਂ ਕਿਸੇ ਨੇ ਕੀ ਮੁੜਨਾ ਸੀ। ਬਸ, ਰੁੜ੍ਹਨ ਹੀ ਰੁੜ੍ਹਨ ਹੈ।

ਗੁਰਮਤਿ ਇਸ਼ਕ ਹਕੀਕੜੇ ਉਚ ਪਰਮਾਰਥੀ ਗੁਰਬਾਣੀ ਕੀਰਤਨ ਦੇ ਰਸੀਅੜੇ ਗੁਰਮੁਖ ਜਨਾਂ ਨੂੰ ਇਹ ਕਚ-ਪਿਚੇ ਰਾਗ ਹਰਗਿਜ਼ ਨਹੀਂ ਭਾਵੰਦੇ। ਤਾਂ ਗੁਰੂ ਕਰਤਾਰ ਨੂੰ ਕਦੋਂ ਭਾ ਸਕਦੇ ਹਨ। ਉਹ ਪੁਰਖ ਅਗੰਮੜਾ ਕਦੋਂ ਪਤੀਜ ਸਕਦਾ ਹੈ, ਇਹਨਾਂ ਰਾਗ ਰੰਗ ਅਖਾੜੇ ਵਾਲੀਆਂ ਰੀਝਾਂ ਤੇ। ਬੜੇ ਹਨੇਰ ਦੀ ਗੱਲ ਹੈ। ਕੀ ਇਹ ਗੁਰਬਾਣੀ ਦਾ ਪਰਚਾਰ ਹੈ ਕਿ ਪਰਹਾਰ ? ਏਸ ਨੂੰ ਇਕ-ਦਮ ਰੋਕਿਆ ਜਾਣਾ ਚਾਹੀਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਜੋਤਿ ਅਵਿਤਾਰਾਂ ਸਮੇਂ ਕੇਵਲ ਆਨਮਤੀਆਂ ਅੰਦਰ ਹੀ ਸੀ। ਗੁਰਸਿਖਾਂ ਨੂੰ ਏਸ ਕੁਚਸਕੇ ਤੋਂ ਬਿਵਰਜਤ ਕਰਨ ਲਈ ਹੀ ਸੱਚੇ ਪਾਤਸ਼ਾਹ ਪਾਤਸ਼ਾਹ ਨੇ ਪਾਖੰਡ ਰਾਗ ਦੇ ਗਾਵਨ ਦੀ ਨਿਖੇਧੀ ਕੀਤੀ ਹੈ ਅਤੇ ਦਸਿਆ ਹੈ,"ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ।। ਇਕਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ"।। ਇਸ ਗੁਰਵਾਕ ਦੁਪੰਗਤੀ ਦੁਆਰਾ ਨ ਸਿਰਫ਼ ਕਚੇ ਪਿਚੇ ਰਾਗਾਂ ਦੀ ਹੀ ਨਿਖੇਧੀ ਕੀਤੀ ਗਈ ਹੈ, ਬਲਕਿ ਤਾਲ ਪੂਰਨੇ ਨਾਦਾਂ ਨੂੰ ਭੀ ਨਿਖੇਧਿਆ ਗਿਆ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ, ਇਸ ਤਰ੍ਹਾਂ ਨਚਣ ਟੱਪਣ ਨਾਲ ਭਗਤੀ ਨਹੀਂ ਹੁੰਦੀ, ਜੈਸਾ ਕਿ ਭਗਤੀਏ ਫਿਰਕੇ ਦੇ ਭਗਤੀਆਂ ਨੂੰ ਭਗਤਿ ਪਾਉਣ (ਰਾਸ ਪਾਉਣ) ਦਾ ਮਾਣ ਸੀ। ਇਕ ਐਸੇ ਡਿੰਭਧਾਰੀ ਮੂਰਖ ਪਾਖੰਡੀ ਭੀ ਹਨ ਜੋ ਅੰਨ ਨਹੀਂ ਖਾਂਦੇ, ਤਿਨ੍ਹਾਂ ਦਾ ਕੁਛ ਭੀ ਨਹੀਂ ਬਣਦਾ। ਤਿਨ੍ਹਾਂ ਦੀ ਅਕਲ ਨੂੰ ਕੀ ਕਹੀਏ। ਉਹਨਾਂ ਦੇ ਉਭਰਨ ਦਾ ਚਾਰਾ ਕੁਛ ਹੋ ਹੀ ਨਹੀਂ ਸਕਦਾ,"ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ।।" ਐਸੇ ਲੋਗ ਅੰਨ ਛਡ ਕੇ ਕੇਵਲ ਪਾਖੰਡ ਕਰਦੇ ਹਨ ਅਤੇ ਲੋਕਾਂ ਤੋਂ ਟਕੇ ਬਟੋਰਦੇ ਹਨ।

ਦਰ ਅਸਲ ਇਹ ਪਾਖੰਡ ਕਰਦੇ ਹਨ, ਰੱਬ ਰੀਝਾਉਣ ਲਈ ਨਹੀਂ ਰੱਬ ਐਸੇ ਪਾਖੰਡ-ਕਰਮੀਆਂ ਤੇ ਰੀਝਦਾ ਹੀ ਨਹੀਂ। ਨਾ ਹੀ ਅਜਿਹੇ ਪਾਖੰਡ-ਕਰਮਾਂ ਤੇ ਪਤੀਜਦਾ ਹੈ। ਅਣਭੋਲ ਜਾਂਦੇ ਹਨ। ਤਿਨ੍ਹਾਂ ਨੂੰ ਹੀ ਪਤੀ ਆਉਣ ਖ਼ਾਤਰ ਡਿੰਭ ਰਚੇ ਜਾਂਦੇ ਹਨ। ਜਿਸ ਮਾਇਆ ਦੀ ਤ੍ਰਿਸ਼ਨਾ ਲਈ ਅਜਿਹੇ ਡਿੰਭ ਰਚੇ ਜਾਂਦੇ ਹਨ ਤਿਨ੍ਹਾਂ ਕਰਕੇ ਤ੍ਰਿਸ਼ਨਾ ਉਹਨਾਂ ਦੀ ਫੇਰ ਭੀ ਨਹੀਂ ਮਿਟਦੀ, ਸਗੋਂ ਹੋਰ ਵਧੇਰੀ ਵਧ ਜਾਂਦੀ ਹੈ। ਧੀਰਜ ਸਬਰ ਸ਼ਾਂਤੀ ਕਦੇ ਅਤੇ ਕਿਵੇਂ ਭੀ ਨਹੀਂ ਆਉਂਦੀ। ਅਜਿਹੇ ਆਨਮਤ ਪਾਖੰਡ-ਕਰਮ ਪਾਖੰਡੀਆਂ ਦੇ ਵਧਦੇ



www.AKJ.Org

ਹੀ ਜਾਂਦੇ ਹਨ। ਅਤੇ ਅਜਿਹੇ ਕਰਮ ਕਰਿ ਲੋਆਂ ਦੇ ਲੋਅ ਖਪਿ ਖਪਿ ਮਰੀ ਜਾਂਦੇ ਹਨ। ਏਹਨਾਂ ਉਪਰ ਵਿਦਤਾਏ ਆਨਮਤ ਪਾਖੰਡ ਕਰਮਾਂ ਦੇ ਕਰਨ ਦਾ ਕੁਛ ਭੀ ਲਾਭ ਨਹੀਂ। ਲਾਭ ਲਾਹਾ ਹੈ ਤਾਂ ਇਕੋ ਗੁਰਮਤਿ ਸਿਫਤਿ ਸਾਲਾਹ ਰੂਪੀ ਕਰਮ ਕਰਨ ਵਿਚਿ ਹੈ। ਇਸ ਸਿਫਤਿ ਸਾਲਾਹੀ ਨਾਮ ਅਭਿਆਸ ਦੇ ਸੱਚੇ ਲਾਹੇ ਨਾਲਿ ਹੀ ਸਾਰੇ ਸੰਸਾਰ ਦਾ ਉਧਾਰ ਹੋ ਸਕਦਾ ਹੈ। ਹੋਰ ਆਨਮਤ ਕਰਮ ਸਭਿ ਵਿਖ ਰੂਪ ਹਨ। ਇਹੀ ਇਕੋ ਸੱਚੜਾ ਕਰਮ ਨਾਮ ਸਿਫਤਿ ਸਾਲਾਹ ਦਾ ਲਾਹਾ ਹੀ ਅੰਮ੍ਰਿਤ ਰੂਪ ਹੈ। ਜਿਸ ਕਿਸੇ ਨੇ ਭੀ ਸੰਸਾਰ ਵਿਖੇ ਨਾਮ ਦਾ ਲਾਹਾ ਲੈਣਾ ਹੋਵੇ ਸੋ ਗੁਰੂ ਘਰ ਵਿਖੇ ਆ ਕੇ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕੇ ਅਤੇ ਸੱਚੀ ਗੁਰਦੀਖਿਆ ਨਾਮ ਦੀ ਲਵੇ। ਇਉਂ ਪ੍ਰੇਮ-ਕਮਾਈਆਂ ਕਰਿ ਕਰਿ ਵਾਹਿਗੁਰੂ ਦੀ ਭਗਤੀ ਦੇ ਸ਼ਰਧਾ ਪਰੂਤ ਸੱਚੇ ਅਸਨੇਹ ਵਿਖੇ ਘੁਲਿ ਮਿਲ ਘਿਚ ਹੋ ਜਾਵੇ। ਇਹੀ ਗੁਰਮੁਖ ਜਨਾਂ ਦੀ ਸੱਚੀ ਕਾਰ ਹੈ।

ਅਗਲੇ ਗੁਰਵਾਕ ਵਿਚਿ ਪੂਜਾ ਤੀਰਥ ਇਸ਼ਨਾਨ ਨੇਮ, ਮੋਨ ਆਦਿ ਆਨਮਤ ਕਰਮ ਸਭਿ ਪਾਖੰਡ ਰੂਪ ਦਰਸਾਏ ਹਨ।

> ਮਨੁ ਮਹਿ ਕ੍ਰੋਧੁ ਮਹਾ ਅਹੰਕਾਰਾ॥ ਪੂਜਾ ਕਰਹਿ ਬਹੁਤੁ ਬਿਸਥਾਰਾ ॥
> ਕਰਿ ਇਸਨਾਨੁ ਤਨਿ ਚਕ੍ਰ ਬਣਾਏ॥ ਅੰਤਰ ਕੀ ਮਲੁ ਕਬ ਹੀ ਨ ਜਾਏ ॥੧॥
> ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥ ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥੧॥ ਰਹਾਉ॥
> ਪਾਪ ਕਰਹਿ ਪੰਚਾ ਕੇ ਬਸਿ ਰੇ ॥ ਤੀਰਥ ਨਾਇ ਕਰਹਿ ਸਭਿ ਉਤਰੇ॥
> ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮਪੁਰਿ ਬਾਂਧਿ ਖਰੇ ਕਾਲੰਕ ॥੨॥
> ਘੂਘਰ ਬਾਧਿ ਬਜਾਵਹਿ ਤਾਲਾ ॥ ਅੰਤਰਿ ਕਪਟੁ ਫਿਰਹਿ ਬੇਤਾਲਾ ॥
> ਵਰਮੀ ਮਾਰੀ ਸਾਪੁ ਨ ਮੂਆ ॥ ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂੰ ਕੀਆ ॥੩॥
> ਪੂੰਅਰ ਤਾਪ ਗੇਰੀ ਕਾ ਬਸਤ੍ਰਾ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥
> ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ ਚੰਡਾਲ ਨਾਲੇ ਲੈ ਆਇਆ ॥੪॥
> ਕਾਨ ਫਰਾਇ ਹਿਰਦੇ ਟੂਕਾ ॥ ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ ॥
> ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ ਵੇਸਿ ਨ ਪਾਈਐ ਮਹਾ ਦੁਖਿਆਰੀ ॥
> ਬੋਲੈ ਨਾਹੀ ਹੋਇ ਬੈਠਾ ਮੋਨੀ ॥ ਅੰਤਰਿ ਕਲਪ ਭਵਾਈਐ ਜੋਨੀ ॥
> ਅੰਨ ਤੇ ਰਹਿਤਾ ਦੁਖੁ ਦੇਹੀ ਸਹਤਾ ॥ ਹੁਕਮ ਨ ਬੂਝੈ ਵਿਆਪਿਆ ਮਮਤਾ ॥੬॥
> ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ ॥ ਪੂਛਹੁ ਸਗਲ ਬੇਦ ਸਿੰਮ੍ਰਿਤੇ ॥
> ਮਨਮੁਖ ਕਰਮ ਕਰੈ ਅਜਾਈ ॥ ਜਿਉ ਬਾਲੂ ਘਰ ਠਉਰ ਨ ਠਾਈ ॥੭॥
> ਜਿਸ ਨੋ ਭਏ ਗੋਬਿੰਦ ਦਇਆਲਾ ॥ ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ ॥
> ਕੋਟਿ ਮਧੇ ਕੋਈ ਸੰਤੁ ਦਿਖਾਇਆ ॥ ਨਾਨਕੁ ਤਿਨ ਕੈ ਸੰਗਿ ਤਰਾਇਆ ॥੮॥
> ਜੇ ਹੋਵੈ ਭਾਗੁ ਤਾ ਦਰਸਨੁ ਪਾਈਐ॥ ਆਪਿ ਤਰੈ ਸਭੁ ਕੁਟੰਬੁ ਤਰਾਈਐ ॥੧॥ ਰੀਹਉ ਦੂਜਾ॥੨॥
>
> (ਪ੍ਰਭਾਤੀ ਮ:੫. ਪੰਨਾ ੧੩੪੭-੪੮)

ਵਿਆਖਿਆ— ਬਹੁ ਪ੍ਰਕਾਰ ਦੀਆਂ ਤੇ ਬਾਹਲੇ ਵਿਸਥਾਰ ਦੀਆਂ ਬਹੁਤ ਲੰਮਚੜ੍ਹਾਉ ਦੀਆਂ ਭਾਵੇਂ ਕਿੰਨੀਆਂ ਹੀ ਪੂਜਾ ਪ੍ਰਸਤਸ਼ਾਂ ਕੋਈ ਆਨਮਤੀ ਕਰ ਲਵੇ, ਪਰ ਉਸ ਦੇ ਮਨ ਦਾ ਕ੍ਰੋਧ ਅਤੇ ਮਹਾਂ ਅਹੰਕਾਰ ਨਹੀਂ ਮਿਟਦਾ; ਪੂਜਾਵਾਂ ਕੀਤੀਆਂ ਐਵੇਂ ਬਿਰਥੀਆਂ ਹੀ ਜਾਂਦੀਆਂ ਹਨ। ਬੈਸ਼ਨਵ ਕਰਮ ਧਰਮੀ ਲੋਗ ਜੋ ਨ੍ਹਾ ਧੋ ਕੇ ਤਨ ਉਪਰ ਚਕ੍ਰ ਦੇ ਨਿਸ਼ਾਨ ਲਾਉਂਦੇ ਹਨ, ਇਹ ਸਭਿ ਪਾਖੰਡ ਕਿਰਿਆ ਹੀ ਹੈ। ਕਿਉਂਕਿ ਇਸ ਪਾਖੰਡ ਕਰਮ ਦੁਆਰਾ ਉਹਨਾਂ ਦੇ ਅੰਦਰ ਦੀ ਮੈਲ ਕਦੇ ਨਹੀਂ ਜਾਂਦੀ। ਇਹਨਾਂ ਪਾਖੰਡ ਕਰਮ ਸੰਜਮਾਂ ਦੁਆਰਾ ਵਾਹਿਗੁਰੂ ਨੂੰ ਕਿਨੇ ਨਹੀਂ ਪਾਇਆ। ਵਿਸ਼ਨੂੰ ਦੇ ਭਗਤਾਂ ਵਾਲੇ ਭੇਖ-ਚਿੰਨ੍ਹ (ਮੁਦ੍ਰਾ) ਲਾਇਆਂ ਭੀ ਕੁਛ ਨਹੀਂ ਸੁਰਾ


www.AKJ.Org

ਸੌਰਦਾ ਉਹਨਾਂ ਭੇਖੀਆਂ ਦਾ। ਮਨ ਤਾਂ ਫੇਰ ਭੀ ਮਾਇਆ ਨਾਲਿ ਹੀ ਮੋਹਿਆ ਰਹਿੰਦਾ ਹੈ। ਆਨਮਤ ਤੀਰਥ ਨ੍ਹਾਉਂਦਾ ਹੈ, ਪਰ ਤੀਰਥ ਨ੍ਹਾਤਿਆਂ ਪਾਪ ਕਮਾਉਣ ਦੀ ਵਹਿਬਤ (ਵਾਦੀ) ਨਹੀਂ ਜਾਂਦੀ। ਸਦਾ ਪੰਜਾਂ ਦੂਤਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਵਸਿ ਵਿਚਿ ਪਿਆ ਪਾਪ ਕਮਾਉਂਦਾ ਰਹਿੰਦਾ ਹੈ, ਹਟਦਾ ਨਹੀਂ। ਐਵੇਂ ਲੋਕਾਂ ਭਾਣੇ ਕਹਿੰਦਾ ਫਿਰਦਾ ਹੈ, ਤੀਰਥ ਨ੍ਹਾਇਆਂ ਪਾਪ ਸਭ ਉਤਰ ਗਏ। ਉਤਰਨ ਦੀ ਨਿਸ਼ਾਨੀ ਇਹ ਹੈ ਕਿ ਬਹੁਰ ਪਾਪ ਨਾ ਕਮਾਵਹਿ। ਸਗੋਂ ਓਦੂੰ ਦੂਗਣੇ ਕਮਾਉਂਦਾ ਹੈ। ਪਾਪਾਂ ਦੀ ਮੈਲ ਨਹੀਂ ਜਾਂਦੀ। ਏਸੇ ਰਹਿ ਗਈ ਮੈਲ ਦੇ ਕਾਰਨ ਸਗੋਂ ਨਿਸੰਕ ਹੋ ਕੇ ਹੋਰ ਪਾਪ ਕਮਾਉਂਦਾ ਹੈ। ਇਹ ਕਲੰਕ (ਪਾਪ) ਉਸਨੂੰ ਜਮਪੁਰੀ ਵਿਖੇ ਬੰਨ੍ਹ ਕੇ ਲੈ ਜਾਂਦਾ ਹੈ। ਪੈਰਾਂ ਨੂੰ ਘੁੰਗਰੂ ਬੰਨ੍ਹ ਕੇ, ਹਥਾਂ ਨਾਲਿ ਤਾਲ ਬਜਾ ਬਜਾ ਆਨਮਤਿ ਗੀਤ ਗਾਉਂਦੇ ਹਨ, ਪਰ ਅੰਦਰਲਾ ਕਪਟ ਇਉਂ ਨਹੀਂ ਜਾਂਦਾ। ਬੇਸੁਰੇ ਤੇ ਬੇਮੁਹਾਰੇ ਹੀ ਫਿਰਦੇ ਰਹਿੰਦੇ ਹਨ। ਸੱਪ ਦੀ ਖੁਡ ਪੁੱਟਿਆਂ ਸੱਪ ਮਰਦਾ। ਏਸੇ ਤਰ੍ਹਾਂ ਤਨ ਨੂੰ ਤਸੀਹੇ ਦਿਤਿਆਂ ਮਨ ਵਸਿ ਨਹੀਂ ਆਉਂਦਾ। ਮਨ ਦੀ ਗਤਿ ਕਰਨੈਹਾਰਾ ਪ੍ਰਭੂ ਭਲੀ ਬਿਧਿ ਜਾਣਦਾ ਹੈ। ਕਦੇ ਧੂੜੀ ਤਾਪਦਾ ਹੈ, ਕਦੇ ਗੇਰੂ ਦੇ ਬਸਤਰ ਪਹਿਨ ਕੇ ਭੇਖੀ ਸਾਧ ਬਣਿ ਬਹਿੰਦਾ ਹੈ। ਬਿਪਤਾ ਦਾ ਮਾਰਿਆ, ਕੰਮ ਕਾਜ ਤੋਂ ਡਰਦਾ ਹੋਇਆ ਘਰ ਤੋਂ ਨਸ ਕੇ ਸਾਧ ਬਣ ਜਾਂਦਾ ਹੈ। ਆਪਣਾ ਵਤਨ ਦੇਸ਼ ਛਡ ਕੇ ਪਰਦੇਸੀਂ ਪਿਆ ਫਿਰਦਾ ਹੈ। ਪਰ ਥਾਉਂ ਥਾਈਂ ਧਾਇਆ ਮਨ ਵਸਿ ਨਹੀਂ ਆਉਂਦਾ। ਪੰਜ ਚੰਡਾਲ ਤਾਂ ਜਿਥੇ ਜਾਂਦਾ ਹੈ, ਉਸ ਦੇ ਨਾਲਿ ਹੀ ਚਿਮੜੇ ਰਹਿੰਦੇ ਹਨ। ਟੁੱਕਰ ਮੰਗਣ ਦੀ ਖ਼ਾਤਰ ਕੰਨ ਪੜਵਾ ਦਿਤੇ। ਜੋਗੀ ਬਣ ਜਾਂਦਾ ਹੈ। ਪਰ ਹਾਜਤ ਉਸ ਦੀ ਮਿਟਦੀ ਨਹੀਂ। ਕੁੱਤੇ-ਝਾਕਣੀ ਜਾਂਦੀ ਨਹੀਂ। ਤ੍ਰਿਪਤੀ ਨਹੀਂ ਆਉਂਦੀ। ਘਰਿ ਘਰਿ ਟੁੱਕਰ ਮੰਗਿਆਂ ਸਗੋਂ ਹੋਰ ਤ੍ਰਿਸ਼ਨਾ ਵਧਦੀ ਹੈ। ਸੁਪਨੇ ਵਿਚਿ ਭੀ ਉਸ ਨੂੰ ਟੁੱਕਰ ਹੀ ਦੀਹਦੇ ਹਨ। ਟੁੱਕਰਾਂ ਦੇ ਹੀ ਜਮ੍ਹਾ ਕਰਨ ਦੇ ਸੁਪਨੇ ਆਉਂਦੇ ਹਨ। ਆਪਣੀ ਘਰ ਦੀ ਨਾਰ ਤਿਆਗ ਕੇ ਆਪਣੇ ਜਾਣੇ ਤਿਆਗੀ ਬਣਦਾ ਹੈ। ਪਰਾਈ ਇਸਤ੍ਰੀ ਨੂੰ ਦੇਖਣ ਦੀ ਬੁਰੀ ਦ੍ਰਿਸ਼ਟੀ ਵਾਲੀ ਬਾਣ ਵਧੇਰੀ ਪੈ ਜਾਂਦੀ ਹੈ। ਅੰਤ ਗਲ ਦੀ ਫਾਸ ਬਣ ਜਾਂਦੀ ਹੈ। ਵੇਸ਼ ਭੇਖ ਕੀਤਿਆਂ ਪਰਮਾਤਮਾ ਨਹੀਂ ਮਿਲਦਾ, ਸਗੋਂ ਪਾਖੰਡ ਭੇਖਾਂ ਦੇ ਕਾਰਨ ਉਸਦੀ ਦਸ਼ਾ ਮਹਾਂ ਦੁਖਿਆਰੀ ਹੋ ਜਾਂਦੀ ਹੈ। ਬੋਲਦਾ ਨਹੀਂ, ਮੋਨੀ ਹੋ ਕੇ ਬਹਿ ਜਾਂਦਾ ਹੈ। ਪਰ ਮਨ ਦੇ ਸੰਕਲਪ ਵਿਕਲਪ ਮਿਟਦੇ ਨਹੀਂ। ਜਿਸ ਕਾਰਨ ਇਹ ਪਾਖੰਡ ਭੇਖ ਉਸਨੂੰ ਜੋਨੀਆਂ ਵਿਚ ਭਵਾਉਂਦੇ ਹਨ। ਅੰਨ ਤੋਂ ਰਹਿਤ ਹੋ ਕੇ ਦੁਖ ਦੇਹੀ ਤੇ ਸਹਿੰਦਾ ਹੈ। ਅਪਣੀ ਸ਼ੁਹਰਤ ਦੀ ਲਗਨ (ਮਮਤਾ) ਵਿਚ ਗਲਤਾਨ ਹੋਇਆ ਵਿਆ ਵਾਹਿਗੁਰੂ ਦੇ ਸੱਚੇ ਹੁਕਮ ਤੋਂ ਘੁਥਿਆ ਹੀ ਰਹਿੰਦਾ ਹੈ। ਸਤਿਗੁਰ ਦੀ ਸਿਖਿਆ ਬਿਨਾਂ ਕਿਸੇ ਭੀ ਅਨਮਤੀ ਕਰਮ-ਕਾਂਡੀ ਨੇ ਕਰਮ-ਗਤਿ ਨਹੀਂ ਪਾਈ। ਸਗਲੇ ਸਿਮ੍ਰਿਤ ਬੇਦ ਸ਼ਾਸਤ੍ਰ ਸੋਧ ਕੇ ਦੇਖ ਲਏ ਅਤੇ ਇਹਨਾਂ ਸਿਮ੍ਰਿਤ ਬੇਦ ਸ਼ਾਸਤ੍ਰਾਂ ਤੇ ਚਲਣ ਵਾਲਿਆਂ ਆਨਮਤ-ਕਰਮੀਆਂ ਨੂੰ ਭੀ ਸੋਧ ਕੇ ਦੇਖ ਲਿਆ। ਮਨਮੁਖਾਂ ਆਨਮਤੀਆਂ ਦੇ ਕੀਤੇ ਕਰਮ ਅਜਾਈਂ ਹੀ ਜਾਂਦੇ ਹਨ, ਜਿਵੇਂ ਬਾਲੂ ਰੇਤ ਦਾ ਘਰੁ ਉਸਾਰਿਆ ਥਿਰ ਨਹੀਂ ਰਹਿੰਦਾ, ਫੇਰ ਢਹਿ ਪੈਂਦਾ ਹੈ। ਜਿਸ ਵਡਿਭਾਗੇ ਗੁਰਮੁਖ ਜਨ ਉਤੇ ਗੋਬਿੰਦ ਦਇਆਲੂ ਹੁੰਦਾ ਹੈ, ਉਸ ਨੂੰ ਗੁਰੂ ਦੁਆਰਿਓਂ (ਗੁਰੂ ਨਾਨਕ ਦੇ ਦੁਆਰਿਓਂ) ਗੁਰਦੀਖਿਆ ਮਿਲਦੀ ਹੈ। ਉਹ ਗੁਰੂ ਦੇ ਸਿੱਖ ਸਚਿਆਰ ਬਣ ਕੇ ਗੁਰੂ ਦੇ ਬਚਨ ਗੁਰਮੰਤਰ ਨੂੰ ਗਹਿ ਕੇ ਲੜਿ ਬੰਨ੍ਹ ਲੈਂਦੇ ਹਨ। ਕੋਟਾਂ ਵਿਚੋਂ ਕੋਈ ਐਸਾ ਗੁਰਦੀਖਤ ਸੰਤ ਪ੍ਰਗਟਾਇਆ ਹੈ। ਐਸੇ ਗੁਰ ਨਾਨਕ ਦੇ ਘਰ ਦੇ ਗੁਰਦੀਖਤ ਸੰਤ ਦੇ ਸੰਗ ਬਹਿ ਕੇ ਨਿਸਤਾਰਾ ਹੁੰਦਾ ਹੈ ਅਤੇ ਕਰਮਾਂ ਤੋਂ ਛੁਟਕਾਰਾ ਹੋ ਜਾਂਦਾ ਹੈ। ਜੇ ਮਸਤਕ ਤੇ ਭਾਗ ਹੋਵੇ ਤਾਂ ਐਸੇ ਗੁਰੂ ਵਰੋਸਾਏ ਸੰਤ ਭਗਤ ਗੁਰਮੁਖ ਜਨ ਦਾ ਦਰਸ਼ਨ ਨਸੀਬ ਹੋਵੇ। ਜਿਸ ਦਰਸ਼ਨ ਦੇ ਪਰਤਾਪ ਨਾਲਿ ਦਰਸ਼ਨ ਕਰਨਹਾਰਾ ਅਤੇ ਉਸ ਦਾ ਸਾਰਾ ਕੁਟੰਬ ਪਰਵਾਰ ਭੀ ਤਰ ਜਾਂਦਾ ਹੈ। ਆਵਾਗਵਨ ਦੇ ਬਿਨਾਸ ਲਈ ਲਖਾਂ ਕਰਮ ਕੀਤੇ ਭੀ ਨਿਸਫਲ ਹਨ। ਯਥਾ ਗੁਰਵਾਕ–


www.AKJ.Org

ਅਗਨਿ ਮਰੈ ਜਲੁ ਲੋੜਿ ਲਹੁ ਵਿਣੁ ਗੁਰ ਨਿਧਿਜਲੁ ਨਾਹਿ ॥
ਜਨਮਿ ਮਰੈ ਭਰਮਾਈਐ ਜੇ ਲਖ ਕਰਮ ਕਮਾਹਿ ॥
ਜਮੁ ਜਾਗਾਤਿ ਨ ਲਗਈ ਜੇ ਚਲੈ ਸਤਿਗੁਰ ਭਾਇ....॥੯॥

(ਸਲੋਕ ਵਾਰਾਂ ਤੇ ਵਧੀਕ, ਮ:੧, ਪੰਨਾ ੧੪੧੧

ਭਾਵ- ਤ੍ਰਿਸ਼ਨਾ ਰੂਪੀ ਅਗਨੀ ਤਾਂ ਬੁਝਦੀ (ਮਰਦੀ) ਹੈ ਜੇ ਨਾਮ ਰੂਪੀ ਜਲ ਲਭੇ। ਇਹ ਨਾਮ ਰੂਪੀ ਜਲ ਦੀ ਨਿਧਿ (ਪੂੰਜੀ) ਸਤਿਗੁਰੂ ਨਾਨਕ ਦੇ ਦੁਆਰਿਓਂ ਹੀ ਮਿਲਦੀ ਹੈ। ਇਸ ਤੋਂ ਬਿਨਾਂ ਪ੍ਰਾਣੀ ਨੂੰ ਆਵਾਗਉਣ ਦੇ ਚਕਰ ਵਿਚਿ ਹੀ ਘੁੰਮਣਾ ਭ੍ਰਮਣਾ ਪੈਂਦਾ ਹੈ, ਭਾਵੇਂ ਲੱਖਾਂ ਆਨਮਤ ਕਰਮ ਕਰ ਲਵੇ । ਪਰ ਸਤਿਗੁਰੂ ਦੀ ਭਾਇ ਭਗਤੀ ਉਪਰ ਭਰੋਸਾ ਰਖ ਕੇ ਜੇ ਵਰਤੋਂ ਕਰੇ ਤਾਂ ਨਾ ਤਾਂ ਜਮ ਲਗਦਾ ਹੈ, ਨਾਅਗੇ ਜਾ ਕੇ ਜਾਗਾਤੀਆਂ ਨੂੰ ਜਗਾਤ ਦੇਣੀ ਪੈਂਦੀ ਹੈ। ਜਗਾਤ ਲਗਦੀ ਹੀ ਨਹੀਂ ਗੁਰਮਤਿ ਭਾਇ ਨਾਮ ਜਪਣ ਵਾਲਿਆਂ ਨੂੰ, ਅਤੇ ਲਖ ਚੁਰਾਸੀ ਜੂਨੀਆਂ ਵਿਚਿ ਭਰਮਣ ਦਾ ਗੇੜ ਭੀ ਮੁਕ ਜਾਂਦਾ ਹੈ—

ਸਬਦਿ ਮਰੈ ਸੋਈ ਜਨੁ ਸਿਝੈ ਬਿਨੁ ਸਬਦੈ ਮੁਕਤਿ ਨ ਹੋਈ ॥
ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੈ ਪਰਜ ਵਿਗੋਈ...॥੩੨॥

(ਸਲੋਕ ਵਾਰਾਂ ਤੇ ਵਧੀਕ ਮ:੩, ਪੰਨਾ ੧੪੧੬)

ਗੁਰ ਸ਼ਬਦਿ, ਗੁਰ ਦੀਖਿਆ, ਗੁਰਮੰਤ੍ਰ ਦੀ ਕਮਾਈ ਕਰਦਾ ਕਰਦਾ ਜੋ ਜਨ ਮਰਿਜੀਵਾ ਹੋ ਜਾਵੇ, ਸੋਈ ਅਗੇ ਹਰਿ ਦਰਗਹਿ ਜਾ ਕੇ ਸੁਰਖ਼ਰੂ ਹੁੰਦਾ ਹੈ, ਕਿਉਂਕਿ ਉਹ ਬਾਜ਼ੀ ਜਿਤ ਕੇ ਘਰਿ ਆਉਂਦਾ ਹੈ, ਮਨੁਖਾ ਜਨਮ ਨੂੰ ਜਿੱਤ ਲੈਂਦਾ ਹੈ। ਅਗੇ ਭੀ ਜੀਵਨ-ਮੁਕਤ ਪਦਵੀ ਦਾ ਸਿਹਰਾ ਉਸ ਨੂੰ ਮਿਲਦਾ ਹੈ। ਬਿਨਾਂ ਗੁਰ-ਸ਼ਬਦ ਤੋਂ ਕਿਸੇ ਭੀ ਪ੍ਰਾਣੀ ਦੀ ਮੁਕਤੀ ਨਹੀਂ ਹੁੰਦੀ। ਸ਼ਬਦ ਬਿਹੂਣੀ ਸਾਰੀ ਸ੍ਰਿਸ਼ਟੀ ਪਰਜਾ ਵਿਗੋਚੇ ਵਿਚ ਹੀ ਹੈ। ਚਾਹੇ ਅਨੇਕਾਂ ਕਰਮਾਂ ਨੂੰ ਕਰਿ ਕਰਿ ਹੰਭ ਜਾਵੇ ਅਤੇ ਭੇਖਾਂ ਵਿਚਿ ਭ੍ਰਮ ਥਕੇ, ਦੂਜੇ ਭਾਇ ਵਿਚਿ ਗੁਮਰਾਹ ਹੋਈ ਰਹਿੰਦੀ ਹੈ। ਜਿਤਨੇ ਭੀ ਆਨਮਤ ਭੇਖ ਕਰਮ ਹਨ ਸਭ ਦੂਜੇ ਭਾਇ ਵਿਚਿ ਭ੍ਰਮਿ ਭੁਲਾਉਣ ਦੇ ਚਕਮੇ ਹਨ।

ਬਾਹਰ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ...॥੪੧॥

(ਸਲੋਕ ਵਾਰਾਂ ਤੇ ਵਧੀਕ ਮ:੩, ਪੰਨਾ ੧੪੧੭

ਜਿਤਨੇ ਭੀ ਆਨਮਤਾਂ ਦੇ ਪਾਖੰਡ ਕਰਮ ਹਨ ਸਭ ਬਾਹਯ-ਮੁਖੀ ਫੋਕਟ ਕਰਮ ਹੀ ਹਨ। ਮਨ ਹਿਰਦੇ ਅੰਦਰਿ ਕਪਟ ਹੀ ਰਹਿੰਦਾ ਹੈ। ਤਾਂਤੇ ਕਪਟ ਕੀਤਿਆਂ ਕਰਮ ਕਮਾਈਆਂ ਕੁਛ ਭੀ ਲਾਭਦਾਇਕ ਨਹੀਂ, ਸਗੋਂ ਹਾਨੀਕਾਰਕ ਹਨ।

ਚਲਦਾ

(ਪੰਨਾ ੨੫ ਦਾ ਬਾਕੀ ..)

(3) ਸਤਿਗੁਰੂ ਜੀ ਨੇ ਮਨੁੱਖ ਨੂੰ ਉਸਦੀ ਯਥਾਰਥਕ ਸਥਿਤੀ ਤੋਂ ਜਾਣੂ ਕਰਵਾਉਣ ਲਈ ਸੰਸਾਰ ਦੀ ਨਿਤ ਨਿਤ ਬਦਲਦੀ ਨੁਹਾਰ, ਪ੍ਰੀਵਰਤਨ ਸ਼ੀਲਤਾ, ਨਾਸ਼ਵਾਨਤਾ ਆਦਿ ਦਾ ਗਿਆਨ ਇਸ ਲਈ ਦਿੱਤਾ ਕਿ ਉਹ ਇਸ ਦਸਦੇ ਜਗਤ ਨਾਲੋਂ ਆਪਣਾ ਨਾਤਾ ਤੋੜ ਕੇ ਅਦ੍ਰਿਸ਼ਟ ਸੰਸਾਰ ਨਾਲ ਜੁੜ ਜਾਣ। ਆਪ ਜੀ ਨੇ ਜਗਤ ਦੀ ਛਿੰਨ ਭੰਗਰਤਾ ਬਾਰੇ ਬਾਰ ਬਾਰ ਦੱਸ ਕੇ ਉਸ ਤੋਂ ਨਿਰਲੇਪ ਰਹਿਣ ਲਈ ਪ੍ਰੇਰਨਾ ਕੀਤੀ ਹੈ।

ਸੋ ਗੁਰੂ ਤੇਗ ਬਹਾਦਰ ਜੀ ਦੀ ਸਾਰੀ ਬਾਣੀ ਵੈਰਾਗ ਮਈ ਹੈ ਜੋ ਮਾਨੁਖਤਾ ਨੂੰ ਤਿਆਗ ਲਈ ਪ੍ਰੇਰਦੀ ਹੈ। ਆਪ ਜੀ ਨੇ ਸਭ ਕੁਝ ਪਹਿਲਾਂ ਆਪਣੇ ਜੀਵਨ-ਸਾਂਚੇ ਵਿੱਚ ਢਾਲਿਆ ਤੇ ਫੇਰ ਉਪਦੇਸ਼ ਦਿੱਤਾ। ਆਪ ਜੀ ਦੀ ਬਾਣੀ ਤੋਂ ਤਾਂ ਵੱਡੇ ਵੱਡੇ ਕਵੀ ਤੇ ਕਲਾਕਾਰ ਪ੍ਰਭਾਵਤ ਹੋਏ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਸੈਨਾਪਤੀ ਨੇ ਸ਼ਰਧਾਂਜਲੀ ਦਿੰਦਿਆਂ ਲਿਖਿਆ ਹੈ:-

"ਪ੍ਰਗਟ ਭਏ ਗੁਰ ਤੇਗ ਬਹਾਦਰ। ਸਗਲ ਸ੍ਰਿਸਟ ਪੈ ਜਾਕੀ ਚਾਦਰ।।
ਕਰਮ ਧਰਮ ਕੀ ਜਿਨਿ ਪਤਿ ਰਾਖੀ। ਅਟਲ ਕਰੀ ਕਲਿਜੁਗ ਮੈ ਸਾਖੀ।।



www.AKJ.Org

# ਰਿਸ਼ਤੇ ਨਾਤੇ

ਨੋਟ:– 1. ਕੇਵਲ ਕੇਸਕੀ ਨੂੰ ਪੰਜਵਾਂ ਕਕਾਰ ਮੰਨ ਕੇ ਧਾਰਨ ਕਰਨ ਵਾਲੇ ਅਤੇ ਸ਼ਾਕਾਹਾਰੀ ਬੱਚਿਆਂ ਵਾਸਤੇ ਹੀ ਚਿੱਠੀ ਪੱਤਰ ਕਰੋ ਜੀ ੨. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਦੇ ਨਾਲ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।

LD 241 20 ਸਾਲਾ ਕੱਦ 5'2" ਮੈਟ੍ਰਿਕ ਪਾਸ ਘਰੇਲੂ ਕੰਮ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD 242 ਸਾਢੇ 23 ਸਾਲਾ ਕੱਦ 5'2", M.A. ਪੰਜਾਬੀ ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD 243 26 ਸਾਲਾ ਕੱਦ 5'5", B.Sc. Non-Medical, ਅਤੇ ਤਿੰਨ ਸਾਲਾ ਸਿਖ ਮਿਸ਼ਨਰੀ ਕੋਰਸ ਪਾਸ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਵਿਚ ਪ੍ਰੋ: ਦੀ ਨੌਕਰੀ ਕਰ ਰਹੇ ਸਿੰਘ ਲਈ ਘੱਟੋ ਘੱਟ ਗ੍ਰੈਜੂਏਟ ਬੀਬੀ ਦੀ ਲੋੜ ਹੈ।

LD 244 29 ਸਾਲਾ ਕਾਮਰਸ ਗ੍ਰੈਜੂਏਟ ਆਪਣਾ ਕੰਪਿਊਟਰ ਬਿਜ਼ਨਸ ਕਰਦੇ 10,000/– ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 245 ਸਾਢੇ 25 ਸਾਲਾ ਕੱਦ 5'3" ਐਮ. ਏ. (ਸਾਈਕਾਲੋਜੀ) ਅਤੇ ਕੰਪਿਊਟਰ ਕੋਰਸ ਪਾਸ ਕਾਨਵੈਂਟ ਸਕੂਲ ਵਿਚ ਪੜ੍ਹੀ ਹੋਈ ਗੁਰਸਿਖ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD 246 38 ਸਾਲਾ ਕੱਦ 5'5" ਮੈਟ੍ਰਿਕ ਪਾਸ ਸੁਪਰਵਾਈਜ਼ਰ ਦੀ ਨੌਕਰੀ ਕਰਦੇ 6000/– ਮਾਸਿਕ ਤਨਖਾਹ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 247 ਸਾਢੇ 23 ਸਾਲਾ ਕੱਦ 5'4" ਬੀ. ਏ., 2 ਸਾਲਾ ਡਰਾਫ਼ਟਸਮੈਨ ਅਤੇ ਇਕ ਸਾਲਾ ਅਪ੍ਰੈਂਟਸ਼ਿਪ ਦਾ ਕੋਰਸ ਪਾਸ ਐਮ. ਏ. ਕਰ ਰਹੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD 248 28 ਸਾਲਾ ਕੱਦ 5'3" ਪੰਜਾਬੀ ਆਨਰਜ਼ ਪਾਸ ਸੀਨੀਅਰ ਕਲਰਕ ਦੀ ਸਰਕਾਰੀ ਨੌਕਰੀ ਕਰ ਰਹੀ ਗੁਰਮੁਖ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD 249 23 ਸਾਲਾ ਕੱਦ 5'4", B.Sc. ਅਤੇ 4 ਸਾਲਾ ਨਰਸਿੰਗ ਕੋਰਸ ਪਾਸ ਸਟਾਫ਼ ਨਰਸ ਦੀ ਸਰਕਾਰੀ ਨੌਕਰੀ ਕਰ ਰਹੀ 7000/– ਮਾਸਿਕ ਤਨਖਾਹ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD 250 22 ਸਾਲਾ ਕੱਦ 5'2" B.A. 1st ਅਤੇ E.T.T. ਪਾਸ ਸਰਕਾਰੀ ਟੀਚਰ 6000/– ਮਾਸਿਕ ਤਨਖਾਹ ਕੀਰਤਨੀ ਅਤੇ ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD 251 30 ਸਾਲਾ, 5'5" ਮਿਡਲ ਪਾਸ ਆਪਣਾ ਕਾਰੋਬਾਰ ਕਰਦੇ 5000/– ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD 252 25 ਸਾਲਾ, ਕੱਦ 5'6" ਮੈਟ੍ਰਿਕ ਪਾਸ ਆਪਣਾ ਕਾਰੋਬਾਰ 4500/– ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | |
|---|---|
| ਸ: ਸੁਖਦੇਵ ਸਿੰਘ ਸੁਮਨ ਪਾਨੀਪਤ– | ੧੦੦/– |
| ਸ: ਜੀਤ ਸਿੰਘ ਲੁਧਿਆਣਾ ਬੱਚੇ ਦੇ ਵਿਆਹ ਦੀ ਖੁਸ਼ੀ ਵਿੱਚ– | ੨੦੦/– |
| ਸ: ਪ੍ਰੀਤਮ ਸਿੰਘ ਦਸੂਇਆ– | ੫੦੦/– |
| ਸ: ਅਜਮੇਰ ਸਿੰਘ ਰੋਪੜ– | ੧੦੦/– |
| ਸ: ਸੁਰਜੀਤ ਸਿੰਘ ਲੁਧਿਆਣਾ | ੫੦/– |
| ਸ: ਚਰਨਬੀਰ ਸਿੰਘ ਲੁਧਿਆਣਾ– | ੪੦੦/– |
| ਡੀਸੈਂਟ ਬੈਰਿੰਗ ਕੰਪਨੀ ਲੁਧਿਆਣਾ (ਟੈਲੀਫੋਨ ਵਾਸਤੇ) – | ੩੦੦੦/– |

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | |
|---|---|
| ਸ: ਦਰਸ਼ਨ ਸਿੰਘ ਖੰਨਾ– | ੧੦੦/– |
| ਸ: ਬਿਕਰ ਸਿੰਘ ਜਲੰਧਰ– | ੧੦੫/– |
| ਸ: ਜਰਨੈਲ ਸਿੰਘ ਹੁਸ਼ਿਆਰਪੁਰ– | ੧੫/– |
| ਗੁਪਤ– | ੧੦੦/– |
| ਸ: ਪ੍ਰਭਦਿਆਲ ਸਿੰਘ ਲੁਧਿਆਣਾ– | ੫੦/– |
| ਸੰਗਤ ਜਗਰਾਉਂ– | ੧੬੦/– |
| ਸ: ਮਨਧੀਰ ਸਿੰਘ– | ੫੦/– |
| ਗੁਪਤ– | ੧੦੦/– |

www.AKJ.Org

Regd. No./12245/66 SURA/DEC/98 P.O. Regd. No. PB/LD/121/98

## ਗੜ੍ਹਦੀਵਾਲਾ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਅਖੰਡ ਕੀਰਤਨ

ਭਾਈ ਅਵਤਾਰ ਸਿੰਘ ਜੀ ਦੇ ਗ੍ਰਹਿ ਵਿਖੇ 6 ਦਸੰਬਰ ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ 12 ਵਜੇ ਤੱਕ। ਆਇ ਦੀਦਾਰ ਬਖਸ਼ੋ ਜੀ।

## ਲੁਧਿਆਣਾ ਵਿਖੇ ਰੈਣ ਸਬਾਈ ਅਖੰਡ ਕੀਰਤਨ ਸਮਾਗਮ

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਦੇ ਸਬੰਧ ਵਿਚ ਗੁ: ਦਸਮੇਸ਼ ਨਗਰ ਗਲੀ ਨੰ: 7 ਗਿਲ ਰੋਡ ਨੇੜੇ ਕੈਮਪਾ ਕੋਲਾ ਚੌਂਕ ਲੁਧਿਆਣਾ ਵਿਖੇ 12 ਦਸੰਬਰ ਸ਼ਾਮ 6 ਵਜੇ ਤੋਂ 13 ਦਸੰਬਰ ਸਵੇਰੇ 6 ਵਜੇ ਤੱਕ ਕੀਰਤਨ ਅਖਾੜੇ ਸਜਣਗੇ।

ਮਾਸਿਕ ਰੈਣਿ ਸਬਾਈ ਕੀਰਤਨ ਪਿੰਡ ਸਿਧਵਾਂ ਖੁਰਦ (ਕਾਲਜਵਾਲਾ) ਲੁਧਿਆਣਾ ਵਿਖੇ 19 ਦਸੰਬਰ ਰਾਤ ਨੂੰ।

## ਪਿੰਡ ਟਾਹਲੀ (ਜ਼ਿਲਾ ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਰੈਣਿ ਸਬਾਈ ਕੀਰਤਨ

ਸਾਹਿਬਜ਼ਾਦਿਆਂ ਦੀ ਸ਼ਹੀਦੀ ਨਮਿਤ 17 ਤੋਂ 19 ਦਸੰਬਰ ਸ੍ਰੀ ਅਖੰਡ ਪਾਠ ਸਾਹਿਬ ਅਤੇ 19 ਦਸੰ[illegible] ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਪਿੰਡ ਟਾਹਲੀ ਬੇਗੋਵਾਲ ਤੋਂ 3 ਕਿਲੋਮੀਟਰ ਦੂਰ ਹੈ

## ਕਪੂਰਥਲਾ ਵਿਖੇ ਰੈਣਿ ਸਬਾਈ ਕੀਰਤਨ

ਗੁ: ਨਿਹੰਗ ਸਿੰਘਾਂ ਪੁਰਾਣੀ ਸਬਜ਼ੀ ਮੰਡੀ ਕਪੂਰਥਲਾ ਵਿਖੇ ਸਮੂਹ ਸ਼ਹੀਦਾਂ ਦੀ ਯਾਦ ਵਿਚ 26 ਦਸੰਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

**ਗੁ: ਬਿਬੇਕਸਰ ਸਾਹਿਬ (ਅੰਮ੍ਰਿਤਸਰ) ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 26 ਦਸੰਬਰ ਰਾਤ ਨੂੰ।**

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦਾ ਸਾਲਾਨਾ ਕੇਂਦਰੀ ਸਮਾਗਮ ਲੁਧਿਆਣਾ ਵਿਖੇ**

ਹਰ ਸਾਲ ਦੀ ਤਰਾਂ ਅਖੰਡ ਕੀਰਤਨੀ ਜੱਥਾ ਲੁਧਿਆਣਾ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹੇਠ ਲਿਖੇ ਅਨੁਸਾਰ ਸਮਾਗਮ ਰਚਾਏ ਜਾ ਰਹੇ ਹਨ। ਆਇ ਦੀਦਾਰ ਬਖਸ਼ੋ ਜੀ :-

2-1-98 ਸ਼ਨਿਚਰਵਾਰ ਸ਼ਾਮ 6 ਤੋਂ 8.30 ਅਖੰਡ ਕੀਰਤਨ ਗੁ: ਸਿੰਘ ਸਭਾ ਮਾਡਲ ਟਾਊਨ ਵਿਖੇ।

3-1-98 ਸਵੇਰੇ 4 ਤੋਂ 6.30 ਕੀਰਤਨ ਸ੍ਰੀ ਆਸਾ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਸਿੰਘ ਸਭਾ ਵਿਖੇ। ਸ਼ਾਮ 6 ਤੋਂ 8.30 ਅਖੰਡ ਕੀਰਤਨ ਗੁ: ਸਾਹਿਬ ਦੇ ਸਾਹਮਣੇ ਕਾਲਜ ਦੀ ਗਰਾਊਂਡ ਵਿਖੇ।

4-1-98 ਸਵੇਰੇ 6 ਤੋਂ 12 ਅਖੰਡ ਕੀਰਤਨ ਸਮਾਗਮ ਗੁਰਮਤਿ ਸੰਚਾਰ ਕੇਂਦਰ (ਭਾਈ ਸਾਹਿਬ ਭਾਈ ਰਣਧੀਰ ਸਿੰਘ ਟ੍ਰਸਟ) ਐਫ ਬਲਾਕ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ। ਸੰਗਤਾਂ ਨੂੰ ਲਿਜਾਣ ਦਾ ਪ੍ਰਬੰਧ ਗੁ: ਸਿੰਘ ਸਭਾ ਮਾਡਲ ਟਾਊਨ ਵਿਖੇ ਹੋਵੇਗਾ। ਸ਼ਾਮ 6 ਤੋਂ 8:30 ਅਖੰਡ ਕੀਰਤਨ ਗੁ: ਸਾਹਿਬ ਦੇ ਸਾਹਮਣੇ ਕਾਲਜ ਗਰਾਉਂਡ ਵਿਖੇ।

5-1-98 ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਗੁ: ਸਿੰਘ ਸਭਾ ਮਾਡਲ ਟਾਊਨ ਵਿਖੇ। ਉਪ੍ਰੰਤ ਦੁਪਹਿਰ 2 ਵਜੇ ਤੱਕ ਅਖੰਡ ਕੀਰਤਨ ਸਮਾਗਮ ਕਾਲਜ ਗਰਾਊਂਡ ਵਿਖੇ। ਸ਼ਾਮ 6 ਵਜੇ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਕਾਲਜ ਗਰਾਊਂਡ ਵਿਖੇ।

6-1-98 ਸਵੇਰੇ 6 ਵਜੇ ਭੋਗ ਰੈਣਿ ਸਬਾਈ ਕੀਰਤਨ।

**ਅੰਮ੍ਰਿਤ ਸੰਚਾਰ** :-ਗੁ: ਸਿੰਘ ਸਭਾ ਮਾਡਲ ਟਾਊਨ ਵਿਖੇ ਡਿਓਢੀ ਦੇ ਉਪਰਲੇ ਹਾਲ ਵਿਚ 5-1-98 ਸ਼ਾਮ 6 ਵਜੇ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ। ਅਭਿਲਾਖੀ ਤਿਆਰ ਬਰ ਤਿਆਰ ਹੋ ਕੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾ ਕਰਨ ਜੀ।

**ਰਿਹਾਇਸ਼ ਤੇ ਲੰਗਰ** :- ਗੁ: ਸਿੰਘ ਸਭਾ ਮਾਡਲ ਟਾਊਨ ਵਿਖੇ ਹੀ ਬਾਹਰੋਂ ਆਈਆਂ ਸੰਗਤਾਂ ਲਈ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਹੋਵੇਗਾ।

**ਆਨੰਦ ਕਾਰਜ** :- ਰੈਣਿ ਸਬਾਈ ਕੀਰਤਨ ਦੇ ਭੋਗ ਵੇਲੇ 6-1-98 ਸਵੇਰੇ ਅਨੰਦ ਕਾਰਜ ਕਰਵਾਏ ਜਾਣਗੇ। ਅਨੰਦਕਾਰਜ ਵਾਲੇ ਜੋੜੇ ਪਹਿਲਾਂ ਸੂਚਿਤ ਕਰਨ ਜੀ।

ਸੰਗਤਾਂ ਦੀ ਚਰਨ ਧੂੜ ਦੇ ਜਾਚਕ ——— ਅਖੰਡ ਕੀਰਤਨੀ ਜੱਥਾ ਲੁਧਿਆਣਾ

## ਯੂ: ਕੇ: ਵਿਖੇ ਅਖੰਡ ਕੀਰਤਨ ਸਮਾਗਮ

**ਨੋਟ:** 9 ਜਨਵਰੀ ਤੋਂ ਪਹਿਲੇ ਪ੍ਰੋਗਰਾਮ ਕਿਸੇ ਕਾਰਣ ਸਾਡੇ ਕੋਲ ਪਹੁੰਚ ਨਹੀਂ ਸਕੇ, ਉਹਨਾਂ ਸਮਾਗਮਾਂ ਦੀ ਜਾਣਕਾਰੀ ਲਈ ਭਾਈ ਹਰਦੀਪ ਸਿੰਘ ਜੀ ਟੈਲੀਫੋਨ (U.K.) 01753-530624 ਨਾਲ ਸੰਪਰਕ ਕਰੋ।

1 ਦਸਮ ਪਾਤਸ਼ਾਹ ਦੇ ਅਵਤਾਰ ਪੁਰਬ ਤੇ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ 9 ਜਨਵਰੀ ਨੂੰ ਗੁਰੂ ਨਾਨਕ ਗੁਰਦੁਆਰਾ 65-67 Walsall Road Wilenhall ਵਿਖੇ।ਜਾਣਕੀਰੀ ਲਈ ਸ਼ਿਗਾਰ ਸਿੰਘ 01215151722

2. ਸ੍ਰੀ ਅਖੰਡ ਪਾਠ ਸਾਹਿਬ 15 ਤੋਂ 17 ਜਨਵਰੀ ਭਾਈ ਦਲਜੀਤ ਸਿੰਘ ਦੇ ਗ੍ਰਹਿ 45 Artemis Close Gravesend Tel. 01474743329 ਵਿਖੇ

SURA (Monthly) KOTHI No. 12, BLOCK-I BHAI RANDHIR SINGH NAGAR, LUDHIANA-141004

www.AKJ.Org